# ਅਮਰ ਗੀਤ

ਬਾਵਾ ਬਲਵੰਤ

DEPARTMENT OF LANGUAGES
PUNJAB, PATIALA
Library

ਸਿੰਘ ਬ੍ਰਦਰਜ਼, ਅਨਾਰਕਲੀ, ਲਾਹੌਰ

*Original with:*
Language Department Punjab
*Digitized by:*
Panjab Digital Library

ਸਭ ਹੱਕ ਰਾਖਵੇਂ

15G

ਜੂਨ ੧੯੪੨

Published by Sewa Singh, Manager, Panjabi Piare,
for M/s. Singh Bros., Lahore; and printed by
L. Ram Saran Das, at the
Commercial Printing Works, Anarkali, Lahore.

*Original with:*
Language Department Punjab
*Digitized by:*
Panjab Digital Library

ਜਗਤ ਪ੍ਰਸਿਧ
ਮਹਾਨ ਚਿੱਤ੍ਰਕਾਰ
ਖ਼ਾਨ ਬਹਾਦਰ
ਐਮ. ਅਬਦੁਲ ਰਹਿਮਾਨ
**ਚੁਗ਼ਤਾਈ**
ਨੂੰ

جگت پرسدھ
مہان چترکار
خان بہادر
ایم۔ عبدالرحمٰن
**چغتائی**
نوں

*Original with:*
Language Department Punjab
*Digitized by:*
Panjab Digital Library

# ਧੰਨਵਾਦ

ਮੈਂ ਆਪਣੇ ਮਿੱਤਰਾਂ–ਸ: ਹਰਬੰਸ ਸਿੰਘ 'ਰਾਜ' ਅਤੇ ਸ: ਸੁਜਾਨ ਸਿੰਘ ਦਾ ਦਿਲੋਂ ਧੰਨ-ਵਾਦੀ ਹਾਂ। ਇਕ ਨੇ ਧਨ ਦੀ ਸਹਾਇਤਾ ਅਤੇ ਦੂਸਰੇ ਨੇ ਸਾਹਿੱਤਕ ਸਹਾਇਤਾ ਨਾਲ ਮੇਰੇ ਜੀਵਨ ਤੇ ਰੂਹ ਨੂੰ ਬਹੁਤ ਹੱਦ ਤਕ ਪ੍ਰਫੁੱਲਤ ਕੀਤਾ ਹੈ।

ਬਲਵੰਤ

*Original with:*
Language Department Punjab
*Digitized by:*
Panjab Digital Library

# ਤਤਕਰਾ


ਪੈਗ਼ਾਮ—ਅਬਦੁਲ ਰਹਿਮਾਨ ਚੁਗ਼ਤਾਈ ੭

ਸਤਿਕਾਰ—ਪਾਲ ਸਿੰਘ ੮

| | | | |
|---|---|---|---|
| ਪਿੱਪਲ ਦੀਆਂ ਛਾਵਾਂ | ੧੩ | ਕਲਪਨਾ | ੩੦ |
| ਵਣਜਾਰੇ | ੧੫ | ਕਾਫ਼ਲਾ | ੩੨ |
| ਸਾਂਝ | ੧੭ | ਅਧੂਰਾ ਗੀਤ | ੩੩ |
| ਆਸ-ਗੀਤ | ੧੯ | ਰੋਸ਼ਨੀ ਲਈ | ੩੪ |
| ਫੂਲਾਂ ਰਾਣੀ | ੨੧ | ਬੇੜੀ | ੩੫ |
| ਮੌਤ ਦਾ ਗੀਤ | ੨੩ | ਗ਼ਜ਼ਲ | ੩੬ |
| ਮੋਤੀਏ | ੨੫ | ਤੇਰੇ ਗੀਤ | ੩੮ |
| ਦੀਪਕ ਗੀਤ | ੨੭ | ਪ੍ਰਦੇਸਾਂ ਵਿਚ | ੪੧ |
| ਸਰੋਵਰ | ੨੯ | ਮੁਰਲੀ | ੪੨ |




*Original with:*
Language Department Punjab
*Digitized by:*
Panjab Digital Library

| | |
|---|---|
| ਅਰਜ਼ੋਈ | ੪੩ |
| ਆਪਣਾ ਗੀਤ | ੪੪ |
| ਮਹਿਮਾਨ | ੪੬ |
| ਰਾਹੀ | ੪੮ |
| ਉਰਵਸੀ | ੫੦ |
| ਤੇਰੇ ਲਈ ਹੀ ਨਹੀਂ | ੫੨ |
| ਅਨੋਖੇ ਗੀਟੇ | ੫੪ |
| ਬੱਚਾ ਤੇ ਚੰਦ | ੫੬ |
| ਰਥ | ੫੭ |
| ਕਿਰਨ-ਗੀਤ | ੫੮ |
| ਬੇਨਾਮ ਫੁੱਲ | ੬੦ |
| ਉਸ ਦੇ ਮਹਿਲ ਦੀ ਸਿਰਕੀ | ੬੨ |
| ਦੂਰ ਨਹੀਂ | ੬੪ |
| ਪ੍ਰਦੇਸਣ ਕ੍ਰਿਸ਼ਨਾਂ ਨੂੰ | ੬੬ |
| ਨਵੇਂ ਗੀਤ | ੭੦ |
| ਦੀਵਾ | ੭੨ |
| ਬਾਰ੍ਹਾਂ ਸਾਲ | ੭੪ |
| ਤੁਸੀਂ ਤੁਸੀਂ ਹੀ ਰਹੇ | ੭੭ |
| ਬੱਦਲ | ੭੮ |
| ਯਾਦ-ਗੀਤ | ੭੯ |
| ਤੂੰ ਤੇ ਮੈਂ | ੮੦ |
| ਬਹਾਰ | ੮੧ |
| ਇਕਤਾਰੇ ਵੇਚਣ ਵਾਲਾ | ੮੪ |
| ਬੋਲੀਆਂ | ੮੭ |
| ਨਵੇਂ ਨਵੇਂ ਸੁਪਨੇ | ੮੮ |
| ਦੂਰ ਦੂਰ ਤੋਂ | ੯੦ |
| ਤੜਪ | ੯੨ |
| ਕੌਣ ਆਇਆ ? | ੯੪ |
| ਅੱਧੀ ਅੱਧੀ ਰਾਤੀਂ | ੯੬ |
| ਸਾਗਰ | ੯੮ |
| ਸਵਰਨੋ | ੧੦੦ |
| ਅਗਲੇ ਸਵੇਰੇ | ੧੦੩ |
| ਝੀਲਾਂ | ੧੦੬ |
| ਕੰਵਲ ਪੱਤੇ | ੧੦੯ |
| ਨਰਗਸ | ੧੧੨ |
| ਨਵਾਂ ਸਾਲ | ੧੧੪ |
| ਅਧੂਰਾ ਸੁਪਨਾ | ੧੧੬ |
| ਬਾਰਸ਼ ਵਾਸਤੇ | ੧੨੧ |
| ਰਾਜ਼ ਕੰਵਲ | ੧੨੨ |
| ਅੰਗ੍ਰੇਜ਼ੀ ਸਾਜ਼ | ੧੨੫ |
| ਗੀਤ ਨਾ ਗਾਏ | ੧੨੭ |


*Original with:*
Language Department Punjab
*Digitized by:*
Panjab Digital Library

# ਪੈਗ਼ਾਮ

ਜਗਤ-ਪ੍ਰਸਿਧ ਮਹਾਨ ਚਿੱਤ੍ਰਕਾਰ
ਖ਼ਾਨ ਬਹਾਦਰ ਐਮ. ਅਬਦੁਲ ਰਹਿਮਾਨ
ਚੁਗ਼ਤਾਈ ਸਾਹਿਬ

ਮੌਲਿਕ ਕਵੀ ਅਤੇ ਕਲਾਕਾਰ ਆਪਣੀ ਜ਼ਬਾਨ ਤੇ ਸ਼ੈਲੀ ਆਪਣੇ ਨਾਲ ਹੀ ਲਿਆਉਂਦਾ ਹੈ, ਅਤੇ ਦੁਨੀਆ ਨੂੰ ਇਕ ਐਸਾ ਪੈਗ਼ਾਮ ਪਹੁੰਚਾਉਣਾ ਚਾਹੁੰਦਾ ਹੈ, ਜਿਸ ਦੇ ਸੁਣਨ ਲਈ ਦੁਨੀਆ ਪਾਸ ਨਾ ਕਦਰ ਹੈ ਨਾ ਨਜ਼ਰ।

ਬਾਵਾ ਜੀ ਦੇ ਅਕਸਰ ਗੀਤ, ਜੋ ਮੈਂ ਸੁਣੇ ਹਨ, ਅਤੇ ਜਿਹੜੇ ਰਾਗ ਤੇ ਅਨੰਤ ਖ਼ਿਆਲ-ਉਡਾਰੀ ਨਾਲ ਅਮਰ ਬਣ ਚੁਕੇ ਹਨ, ਮੈਨੂੰ ਸਦਾ ਇਕ ਇਲਾਹੀ ਸਰੂਰ ਬਖ਼ਸ਼ਦੇ ਰਹਿੰਦੇ ਹਨ।

ਬਾਵਾ ਸ਼ਾਇਰ 'ਰਾਂਝਾ ਸਭ ਦਾ ਸਾਂਝਾ ਹੈ।' ਮੈਂ ਆਸ ਕਰਦਾ ਹਾਂ ਕਿ ਹਰ ਇਕ ਪੰਜਾਬੀ, ਜਿਸ ਦੀ ਇਹ ਚਾਹ ਹੈ ਕਿ ਉਸ ਦਾ ਮੁਲਕ ਅਜਿਹੀਆਂ ਹਸਤੀਆਂ ਪੈਦਾ ਕਰਦਾ ਰਹੇ, ਜਿਹੜੀਆਂ ਕਦੇ ਫ਼ਨਾ ਨਾ ਹੋਣ, ਬਾਵਾ ਸਾਹਿਬ ਨੂੰ ਸ਼ਕਤੀ ਦੇਵ ਦੇ ਰੂਪ ਵਿਚ ਇਸੇ ਤਰ੍ਹਾਂ ਵੇਖ ਸਕਦਾ ਹੈ ਕਿ ਉਹ ਉਸ ਦੀਆਂ ਰਚਨਾਵਾਂ ਨੂੰ ਸੀਨੇ ਨਾਲ ਲਾਏ ਤੇ ਦਿਲ ਨੂੰ ਗਰਮਾਏ ਤਾਂ ਜੋ ਜੀਵਨ ਦਾ ਕੋਈ ਕੀਮਤੀ ਛਿਨ ਤਾਜ ਮਹੱਲ ਦੀ ਕਾਵਮਈ ਅਨੂਪਮਤਾ ਵਰਗੀ ਸੂਰਤ ਬਣ ਕੇ ਰਹਿ ਜਾਏ।

ਮੈਂ ਆਸ ਕਰਦਾ ਹਾਂ ਕਿ ਬਾਵਾ ਸਾਹਿਬ ਦੀ ਇਹ ਰਚਨਾ ਦੂਜੀ ਰਚਨਾ 'ਮਹਾਂ ਨਾਚ' ਨਾਲੋਂ ਵਧੇਰੇ ਸਲਾਹੀ ਜਾਵੇਗੀ।

ਲਾਹੌਰ
......ਅਪ੍ਰੈਲ ੧੯੪੨

ਚੁਗ਼ਤਾਈ

Original with:
Language Department Punjab
Digitized by:
Panjab Digital Library

# ਸਤਿਕਾਰ

'ਮਹਾਂ ਨਾਚ' ਦੇ ਮਧੁਰ ਘੁੰਗਰੂਆਂ ਦੀ ਛਣਕਾਰ ਵਿਚੋਂ ਹੁਣ ਅਸੀਂ ਸੁਣ ਰਹੇ ਹਾਂ 'ਅਮਰ ਗੀਤ', ਜਿਨ੍ਹਾਂ ਨੇ ਸਾਡੇ ਸੁੱਤੇ ਹੋਏ ਸੁਹਜ-ਸੁਆਦ ਨੂੰ ਮੁੜ ਬੇਦਾਰ ਕਰ ਦਿੱਤਾ ਹੈ।

ਬਾਵਾ ਇਕ ਅਰਸ਼ੀ ਕਵੀ ਹੈ। ਉਸ ਦੀ ਕਲਾਕਾਰੀ ਪੂਰਨਤਾ ਦੇ ਸਿਖਰ ਤੇ ਪੁਜੀ ਹੋਈ ਹੈ। ਕਵਿਤਾ ਰਚਣ ਵੇਲੇ ਉਸ ਨੂੰ ਕੋਈ ਤਕੱਲੁਫ਼ ਨਹੀਂ ਕਰਨਾ ਪੈਂਦਾ। ਉਸ ਦਾ ਕਲਾਮ ਅਨੰਤ-ਕਾਵ ਸੋਮੇ ਵਿਚੋਂ ਆਪ-ਮੁਹਾਰਾ ਫੁਟ ਫੁਟ ਕੇ ਨਿਕਲਦਾ ਹੈ। ਉਹ ਕਵਿਤਾ ਨੂੰ ਸੱਦਣ ਨਹੀਂ ਜਾਂਦਾ, ਸਗੋਂ ਕਵਿਤਾ ਆਪ ਉਸ ਪਾਸ ਹਾਜ਼ਰ ਹੁੰਦੀ ਹੈ। ਉਸ ਦੀ ਕਵਿਤਾ ਬਾਹਰ-ਮੁਖੀ ਜੀਵਨ-ਘਟਨਾਵਾਂ ਦੀ ਹੀ ਵਿਆਖਿਆ ਨਹੀਂ ਕਰਦੀ, ਸਗੋਂ ਅੰਤਰ-ਮੁਖੀ ਅਦ੍ਰਿਸ਼ਟ ਜੀਵਨ-ਦ੍ਰਿਸ਼ਾਂ ਨੂੰ ਵੀ ਸਾਡੇ ਸਾਮ੍ਹਣੇ ਪੇਸ਼ ਕਰਦੀ ਹੈ। ਇਹੋ ਕਾਰਨ ਹੈ ਕਿ ਜਦ ਇਹ ਕਵੀ ਆਪਣੇ ਖ਼ਿਆਲਾਂ ਦੇ ਵੇਗ ਦਾ ਕਾਂਟਾ ਅੰਦਰ ਵਲ ਬਦਲਦਾ ਹੈ ਤਾਂ ਬਾਹਰਲੀ ਦੁਨੀਆ ਦੇ ਰੱਸਕ ਬਾਹਰ ਖੜੇ ਹੀ ਹੱਥ ਮਲਦੇ ਰਹਿ ਜਾਂਦੇ ਹਨ। ਪਰ ਡੂੰਘੇ ਵਿਚਾਰਵਾਨ ਅੰਦਰਲੀ ਦੁਨੀਆ——ਜੋ ਇਸ ਬਾਹਰਲੀ ਨਾਲੋਂ ਕਿਤੇ ਵਧੇਰੇ ਸੁੰਦਰ ਤੇ ਮਨਮੋਹਣੀ ਹੈ——ਦਾ ਵੀ ਅਨੰਦ ਮਾਣਦੇ ਹਨ।

ਬਾਵਾ ਜੀ ਦੀ ਕਵਿਤਾ ਵਿਚ ਆਪਣਾ ਹੀ ਅਲੌਕਿਕ ਰੰਗ ਹੈ। ਉਹ ਹਰ ਚੀਜ਼ ਨੂੰ ਆਪਣੀ ਆਤਮਕ ਐਨਕ ਰਾਹੀਂ ਦੇਖਦਾ ਹੈ। ਉਸ ਦੇ ਫ਼ਲਸਫ਼ੇ ਵਿਚ ਐਸੀ ਨਿੱਗਰ ਸਚਾਈ ਹੁੰਦੀ ਹੈ ਕਿ ਜਿਸ ਨੂੰ ਹਰ ਵਿਚਾਰਵਾਨ ਸਤਿਕਾਰੇ ਬਿਨਾਂ ਨਹੀਂ ਰਹਿ ਸਕਦਾ। ਏਸ਼ਿਆਈ ਕਲਚਰ ਉਸ ਦੀ ਕਵਿਤਾ ਦੇ ਲੂੰ ਲੂੰ ਵਿਚੋਂ ਝਾਕਦੀ ਦਿਖਾਈ ਦਿੰਦੀ ਹੈ। ਅਮਰ ਕਵਿਤਾ ਦੇ ਸਾਰੇ ਗੁਣ——ਸਤ, ਸ਼ਿਵ ਅਤੇ ਸੁੰਦਰਤਾ——ਉਸ ਦੇ ਕਾਵ-ਕਲਾ ਵਿਚ ਮੌਜੂਦ ਹਨ। ਇਹ ਕਵੀ ਆਪਣੇ ਆਲੇ ਦੁਆਲੇ ਹੀ ਗੇੜੇ ਨਹੀਂ ਕਟਦਾ ਰਹਿੰਦਾ, ਸਗੋਂ ਅਨੰਤ-ਵਿਸ਼ਾਲਤਾ ਵਿਚ ਸਦਾ ਗੜੂੰਦ ਰਹਿੰਦਾ ਹੈ। ਬਾਵਾ ਜੀ ਦੀ ਕਵਿਤਾ ਨੂੰ ਜੇ ਅੰਗ੍ਰੇਜ਼ੀ ਬੋਲੀ ਦਾ ਜਾਮਾ ਪਹਿਨਾਇਆ ਜਾਏ,

Original with:
Language Department Punjab
Digitized by:
Panjab Digital Library

ਤਾਂ ਅੰਗ੍ਰੇਜ਼ੀ ਕਵੀਆਂ ਦੇ ਟਾਕਰੇ ਤੇ ਇਸ ਦੀ ਕਵਿਤਾ ਕਿਸੇ ਦਰਜੇ ਘਟ ਨਹੀਂ ਰਹੇਗੀ।

* * *

ਇਸ ਪੁਸਤਕ ਵਿਚ ਵੰਨ-ਸਵੰਨੀਆਂ ਕਵਿਤਾਵਾਂ ਹਨ--ਗੀਤ, ਗ਼ਜ਼ਲਾਂ, ਸੌਨਿਟ, ਬੋਲੀਆਂ, ਨਜ਼ਮਾਂ ਆਦਿ। ਪਰ ਗੀਤਾਂ ਦਾ ਰੰਗ ਸਾਰੀ ਰਚਨਾ ਤੇ ਹਾਵੀ ਹੈ। ਆਮ ਗੀਤਾਂ ਵਾਂਗ ਇਹ ਨਿਰੇ ਦਿਲ ਵਿਚੋਂ ਹੀ ਨਹੀਂ ਨਿਕਲੇ, ਸਗੋਂ ਆਤਮਾ ਦੀਆਂ ਡੂੰਘਾਈਆਂ ਵਿਚੋਂ ਨਿਕਲੇ ਹਨ:

ਪਲ ਵਿਚ ਦੇਸ ਪਰਾਇਆ ਹੋਸੀ
ਖੇਡ-ਖਿਲਾਰਾਂ ਵਾਲਾ;
ਨਾ ਖੇਡਾਂ, ਨਾ ਗਲੀਆਂ ਰਹਿਸਨ,
ਨਾ ਗੁੱਡੀਆਂ ਦੀਆਂ ਮਾਵਾਂ!
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ!

ਅਤੇ: ਕਿਸ ਕਿਸ ਦੇਸ ਦਿਸੌਰਾਂ ਦੇ ਵਲ
ਬਣ ਭਿਖਿਆਰਨ ਜਾਵਾਂ?
ਉਸ ਦੀ ਪੰਡ 'ਕਰਾਰਾਂ ਵਾਲੀ
ਕਿਸ ਨੂੰ ਫੋਲ ਵਿਖਾਵਾਂ?
ਕੌਣ ਬਣੇਗਾ ਦਰਦੀ ਮੇਰਾ?
ਅਪਣੇ ਭਾਗ ਪਿਆਰੇ!
ਨਾ ਆਏ ਦੂਰਾਂ ਦੇ ਵਣਜਾਰੇ!

ਉਰਦੂ-ਫ਼ਾਰਸੀ ਗ਼ਜ਼ਲ ਨੂੰ ਕਵੀ ਨੇ ਕਿਸ ਉਸਤਾਦੀ ਨਾਲ ਪੰਜਾਬੀ ਬੋਤਲਾਂ ਵਿਚ ਭਰ ਕੇ ਸਾਡੇ ਸਾਮ੍ਹਣੇ ਪੇਸ਼ ਕੀਤਾ ਹੈ:

ਕਿਸ ਕਿਸ ਦਾ ਭੇਦ ਪਾਏ ਮੇਰੀ ਨਜ਼ਰ ਦੀ ਸ਼ਕਤੀ,
ਸਬਜ਼ੀ ਤੇਰੀ ਹਿਨਾ ਵਿਚ, ਸੁਰਖ਼ੀ ਤੇਰੀ ਹਿਨਾ ਵਿਚ।
ਪੰਛੀ ਹਾਂ ਅਰਸ਼ ਦਾ ਮੈਂ, ਇਸ ਨੂੰ ਤਾਂ ਪਰ ਛੁਡਾ ਦੇ,
ਜੋ ਡੋਰ ਅੜ ਗਈ ਏ ਭਾਗਾਂ ਦਿਆਂ ਪਰਾਂ ਵਿਚ।
ਬਾਗ਼ੀ ਬਣਾ ਰਿਹਾ ਹੈ ਕੀ ਦੋਸ਼ ਇਸ 'ਚ ਮੇਰਾ,
ਤੇਰਾ ਹੀ ਤੇਜ ਹੈ ਇਹ ਮਿੱਟੀ ਦੀਆਂ ਰਗਾਂ ਵਿਚ।

Original with:
Language Department Punjab
Digitized by:
Panjab Digital Library

ਹਿੰਦੂ-ਮੁਸਲਮ ਇਤਫ਼ਾਕ ਦੇ ਹੱਕ ਵਿਚ ਕਿੱਡੇ ਆਲੀਸ਼ਾਨ ਖ਼ਿਆਲ ਹਨ :

ਸਾਡੇ ਖੇਤ ਨੇ ਸਾਂਝੇ ਦੁਖ ਦੇ ਮਾਰੇ,
ਇਕੋ ਬੱਦਲ ਹੇਠ ਨੇ ਸਾਡੇ ਤਾਰੇ।
ਬੈਠੇ ਸਦੀਆਂ ਖੇਸ ਕਲੀਨ ਵਿਛਾ ਕੇ;
ਗਾਏ ਗੀਤ ਨੇ ਦੋਹਾਂ ਸ਼ਬਦ ਮਿਲਾ ਕੇ।
ਮਧ-ਮੱਖੀਆਂ ਨੇ ਮਿਲ ਕੇ ਸ਼ਹਿਦ ਬਣਾਇਆ,
ਇਕ ਤੁਪਕਾ ਵੀ ਦਿਸਦਾ ਨਹੀਂ ਪਰਾਇਆ।
ਦੋਹਾਂ ਦੀ ਹੈ ਮੌਤ ਮਲੇਛ-ਜੁਦਾਈ,
ਅਸੀਂ ਤੁਸੀਂ ਹਾਂ ਇਕ ਮੰਜ਼ਲ ਦੇ ਰਾਹੀ!

ਬੋਲੀਆਂ ਵਿਚ ਗ਼ਜ਼ਬ ਦੀ ਨਵੀਨਤਾ ਤੇ ਸਚਾਈ ਭਰੀ ਪਈ ਹੈ :

ਪਈ ਫੁੱਲਦੀ ਤਹਿਜ਼ੀਬ ਤੇ ਦੁਨੀਆ
ਆਇਆ ਨਹੀਂ ਵੰਡ ਖਾਵਣਾ।
ਜੰਗ ਮੌਤ ਹੀ ਸਮਝਿਆ ਗ਼ਾਫ਼ਲ,
ਜ਼ਿੰਦਗੀ ਦੇ ਐਤਵਾਰ ਨੂੰ।
ਕੋਈ ਜਾਗੇ, ਕੋਈ ਨਾ ਜਾਗੇ,
ਕੁੱਕੜਾਂ ਤਾਂ ਬਾਂਗ ਦੇਵਣੀ।

ਜੀਵਨ ਰੂਪੀ ਦੀਵੇ ਨੂੰ ਕਿਸੇ ਸੀਖਣ ਵਾਲੇ ਦੀ ਸਦਾ ਲੋੜ ਰਹਿੰਦੀ ਹੈ, ਨਹੀਂ ਤਾਂ ਸਾਰੇ ਜੌਹਰਾਂ ਦੇ ਹੁੰਦਿਆਂ ਹੋਇਆਂ ਵੀ ਇਹ ਛੇਤੀ ਹੀ ਨਕਾਰਾ ਤੇ ਬੇਨੂਰ ਹੋ ਜਾਂਦਾ ਹੈ :

ਹੱਥ ਤੇਰੇ ਬਿਨ ਬੁਝ ਜਾਏਗਾ
ਮੇਰਾ ਰੰਗ ਰੰਗੀਲਾ ਦੀਵਾ;
ਤੇਲ ਨਕੋ ਨਕ, ਬੱਤੀ ਸਾਬਤ,
ਫੇਰ ਵੀ ਆਣ ਹਨੇਰੇ ਛਾਏ--
ਸੀਖਣ ਤੋਂ ਬਿਨ ਬੁਝਦਾ ਜਾਏ!
ਅੰਦਰ ਦੀ ਸੜ ਸੜ ਕੇ ਕਾਲਖ
ਦਰਵਾਜ਼ੇ ਤੇ ਜੰਮਦੀ ਜਾਏ;

*Original with:*
Language Department Punjab
*Digitized by:*
Panjab Digital Library

ਹੱਥ ਤੇਰੇ ਬਿਨ ਕੌਣ ਹਟਾਏ?
ਸੀਖਣ ਤੋਂ ਬਿਨ ਬੁਝਦਾ ਜਾਏ!

ਮੌਤ ਇਨਸਾਨ ਲਈ ਇਕ ਨਿਹਮਤ ਹੈ। ਜੀਵਨ-ਰੌ ਨੂੰ ਤਰੋਤਾਜ਼ਾ ਰੱਖਣ ਲਈ ਮੌਤ ਆਉਂਦੀ ਹੈ ਕੇਵਲ ਨਿਕੰਮਾ ਤੇ ਨਕਾਰਾ ਹੋ ਚੁਕਿਆ ਸਰੀਰ ਬਦਲਨ ਲਈ। ਇਸ ਸੰਸਾਰ ਤੋਂ ਵਿਦਾ ਹੋ ਰਹੇ ਇਕ ਪ੍ਰਾਣੀ ਅਗੇ ਕਵੀ ਮੌਤ ਦੇ ਮੂੰਹੋਂ ਇਕ ਆਲਮਗੀਰ ਆਸ਼ਾਵਾਦੀ ਫ਼ਲਸਫ਼ਾ ਪੇਸ਼ ਕਰਦਾ ਹੈ:

ਮੇਰਾ ਕਰਮ ਹੈ ਬੁਝਦੀ ਹਰ ਜੋਤ ਨੂੰ ਜਗਾਣਾ;
ਮੈਂ ਬਦਲਣਾ ਹੈ ਕੇਵਲ ਦੀਵਾ ਤੇਰਾ ਪੁਰਾਣਾ।
ਬੇੜੀ ਹਾਂ ਮੈਂ, ਤੂੰ ਅਪਣੇ ਬੰਦ ਨੈਣ ਕਰ ਕੇ ਬਹਿ ਜਾ,
ਜਿਤ ਹਾਰ ਦੇ ਗ਼ਮਾਂ ਵਿਚ ਅੰਤਮ ਸਮੇਂ ਨਾ ਰਹਿ ਜਾ।
ਕਰਦੀ ਹੈ ਯਾਤ੍ਰਾ ਜਦ ਰੂਹ ਤੱਤ-ਵਹੀਨ ਰਹਿ ਕੇ,
ਤੁਰਦੀ ਹਾਂ ਮੈਂ ਵੀ ਉਸ ਦਾ ਅਸਬਾਬ ਨਾਲ ਲੇ ਕੇ।
ਮੈਂ ਫੂਕ ਮਾਰਦੀ ਹਾਂ ਕਰਮਾਂ ਦੀ ਬੰਸਰੀ ਵਿਚ,
ਲਖ ਰਾਗ ਗੂੰਜਦੇ ਹਨ ਮੁੜ ਸਾਰੀ ਜ਼ਿੰਦਗੀ ਵਿਚ।

* * * *

ਅਮਰ ਜੋਤੀ ਦੇ ਗਿਰਦ ਸਾਰੇ ਬ੍ਰਹਿਮੰਡ, ਸੂਰਜ, ਚੰਦ, ਸਤਾਰੇ ਆਦਿ ਰਲ ਕੇ ਅਜ਼ਲ ਤੋਂ ਇਕ ਅਨੰਤ ਤੇ ਅਪਾਰ ਰਾਸ ਰਚਾ ਰਹੇ ਹਨ, ਜਿੱਥੇ ਅਨੇਕਾਂ ਅਨਹਦ ਗੀਤਾਂ ਦੇ ਨਗ਼ਮੇ ਗੂੰਜ ਰਹੇ ਹਨ। ਪਰ ਇਸ ਧਰਤੀ ਦੇ ਜੀਵ ਉਨ੍ਹਾਂ ਗੀਤਾਂ ਦੇ ਸੁਣਨ ਤੋਂ ਅਸਮਰਥ ਹਨ। ਇਸ ਲਈ ਸਦੀਆਂ ਪਿਛੋਂ ਕਿਸੇ ਨਾ ਕਿਸੇ ਅਰਸ਼ੀ ਕਵੀ ਦੁਆਰਾ ਉਹ ਗੀਤ ਇਸ ਧਰਤੀ ਦੇ ਕਲਿਆਣ ਲਈ ਬ੍ਰਾਡਕਾਸਟ ਕੀਤੇ ਜਾਂਦੇ ਹਨ। ਬਾਵਾ ਜੀ ਦੇ ਅਮਰ ਗੀਤ ਉਹੀ ਅਮਰ ਨਗ਼ਮੇ ਹਨ, ਜਿਨ੍ਹਾਂ ਦੇ ਸੁਣਨ ਲਈ ਬੇਅੰਤ ਰੂਹਾਂ ਸਦੀਆਂ ਤੋਂ ਲੁਛ ਰਹੀਆਂ ਹਨ:

ਗੀਤ ਮੇਰੇ ਹਨ ਧਰਤੀ ਦੇ ਕਲਿਆਣ ਲਈ।
ਮਾਨਵਤਾ ਦੀ ਮਰਦੀ ਜਾਂਦੀ ਜਾਨ ਲਈ।

ਬੂਟਾ ਸਿੰਘ ਵਾਲਾ (ਮੁਲਤਾਨ)
੨੭. ੪. ੧੯੪੨

ਪਾਲ ਸਿੰਘ

Original with:
Language Department Punjab
Digitized by:
Panjab Digital Library

ਸਾਗਰ ਰਿਹਾ ਹਾਂ ਨਾਪ,
ਦਿਲ ਦੀ ਲਘੂ ਪਿਆਲੀ ਲੈ ਕੇ
ਮੈਂ ਹੁਣ ਅਪਣੇ ਆਪ।
ਸਾਗਰ ਹੋ ਗਿਆ ਖ਼ਾਲੀ,
ਭਰੀ ਨਾ ਲਘੂ ਪਿਆਲੀ।

ਅਧੂਰਾ ਗੀਤ

*Original with:*
Language Department Punjab
*Digitized by:*
Panjab Digital Library

# ਪਿੱਪਲ ਦੀਆਂ ਛਾਵਾਂ

ਸਈਓ ਨੀ! ਢਲ ਚਲੀਆਂ ਪਿੱਪਲ ਦੀਆਂ ਛਾਵਾਂ!

ਆਵੇ ਕੌਲ 'ਕਰਾਰਾਂ ਵਾਲਾ
ਮੈਂ ਕੀ ਸਗਨ ਮਨਾਵਾਂ?
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ!

ਪਲ ਵਿਚ ਦੇਸ ਪਰਾਇਆ ਹੋਸੀ
ਖੇਡ-ਖਿਲਾਰਾਂ ਵਾਲਾ;
ਨਾ ਖੇਡਾਂ, ਨਾ ਗਲੀਆਂ ਰਹਿਸਨ,
ਨਾ ਗੁਡੀਆਂ ਦੀਆਂ ਮਾਵਾਂ!
ਸਈਓ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ!

Original with:
Language Department Punjab
Digitized by:
Panjab Digital Library

ਲੁਕ ਜਾਏਗਾ ਟਿਮਕਦਾ ਦੀਵਾ
ਧੁੰਦ-ਗ਼ੁਬਾਰਾਂ ਉਹਲੇ ;
ਅਗਲੇ ਰਾਹ ਵਿਚ ਕੋਈ ਨਾ ਦਿਸਦਾ
ਮੰਜ਼ਲ ਦਾ ਪਰਛਾਵਾਂ !
ਚਲੋ ਨੀ, ਢਲ ਚਲੀਆਂ ਪਿੱਪਲ ਦੀਆਂ ਛਾਵਾਂ !

ਚੰਦ-ਕਰਮਾਂ ਦੀ ਨਜ਼ਰ ਨਾ ਆਏ
ਦੂਰ ਕਿਤੇ ਰੁਸ਼ਨਾਈ;
ਅਪਣੀ ਖੇਡ ਨਾ ਬੰਦ ਕਰੇ ਕਿਉਂ
ਸਾਡੀ ਖੇਡ ਮੁਕਾਈ ?
ਬੁਝਦਾ ਦੇਖ ਕੇ ਆਲ ਦੁਆਲਾ
ਕੀ ਰੋਵਾਂ ? ਕੀ ਗਾਵਾਂ ?
ਆਵੋ ਨੀ ! ਢਲ ਚਲੀਆਂ ਪਿੱਪਲ ਦੀਆਂ ਛਾਵਾਂ !
ਸਈਓ ਨੀ !... ... ... ... ... ... ...

*Original with:*
Language Department Punjab
*Digitized by:*
Panjab Digital Library

# ਵਣਜਾਰੇ

ਨਾ ਆਏ ਦੂਰਾਂ ਦੇ ਵਣਜਾਰੇ !

ਜੋ ਗੁੱਡੀਆਂ ਦੀਆਂ ਖੇਡਾਂ ਅੰਦਰ
ਦੇਂਦੇ ਰਹੇ ਸਹਾਰੇ—
    ਨਾ ਆਏ ਦੂਰਾਂ ਦੇ ਵਣਜਾਰੇ !

ਸਾਡੇ ਵਿਹੜੇ ਕਿਉਂ ਨਹੀਂ ਆਇਆ
ਹਾਰ-ਸ਼ਿੰਗਾਰਾਂ ਵਾਲਾ ?
ਉਮਰ ਤੋਂ ਸਖਣੇ ਤਰਸ ਰਹੇ ਨੇ
ਮੇਰੇ ਅੰਗ ਵਿਚਾਰੇ—
    ਨਾ ਆਏ ਦੂਰਾਂ ਦੇ ਵਣਜਾਰੇ !

ਮੇਰੇ ਰਾਤ ਦਿਨਾਂ ਨੇ ਉਸ ਦੇ
ਰਾਹ ਵਿਚ ਗੀਤ ਖਿਲਾਰੇ—
    ਨਾ ਆਏ ਦੂਰਾਂ ਦੇ ਵਣਜਾਰੇ !

*Original with:*
Language Department Punjab
*Digitized by:*
Panjab Digital Library

ਕਿਸ ਕਿਸ ਦੇਸ ਦਿਸੌਰਾਂ ਦੇ ਵਲ
ਬਣ ਭਿਖਿਆਰਨ ਜਾਵਾਂ ?
ਉਸ ਦੀ ਪੰਡ 'ਕਰਾਰਾਂ ਵਾਲੀ
ਕਿਸ ਨੂੰ ਫੋਲ ਵਿਖਾਵਾਂ ?
ਕੌਣ ਬਣੇਗਾ ਦਰਦੀ ਮੇਰਾ ?
ਅਪਣੇ ਭਾਗ ਪਿਆਰੇ !
ਨਾ ਆਏ ਦੂਰਾਂ ਦੇ ਵਣਜਾਰੇ !

ਘਰ ਵਲ ਮੋੜ ਸੁਹਾਗ ਤੂੰ ਮੇਰਾ,
ਅੰਤ-ਸੁਹਾਗਾਂ ਵਾਲੇ !
ਡੁਬ ਚੱਲੇ ਹਨ ਨੀਲਾਂ ਦੇ ਵਿਚ
ਆਸ਼ਾਂ ਦੇ ਚੰਦ-ਤਾਰੇ--
ਨਾ ਆਏ ਦੂਰਾਂ ਦੇ ਵਣਜਾਰੇ !



*Original with:*
Language Department Punjab
*Digitized by:*
Panjab Digital Library

# ਸਾਂਝ

ਅਸੀਂ ਤੁਸੀਂ ਹਾਂ ਇਕ ਮੰਜ਼ਲ ਦੇ ਰਾਹੀ!

ਦੋਹਾਂ ਨੂੰ ਮੰਜ਼ਲ ਦੀ ਗੋਦ ਪੁਚਾਏ
ਇਕ ਦੂਜੇ ਦੇ ਨੈਣਾਂ ਦੀ ਰੁਸ਼ਨਾਈ---
ਅਸੀਂ ਤੁਸੀਂ ਹਾਂ ਇਕ ਚਾਨਣ ਦੇ ਰਾਹੀ।
ਇਕੋ ਪਿੰਡ ਦੇ ਦੋਵੇਂ, ਬੜੀ ਖ਼ੁਸ਼ੀ ਏ!
ਇਕੋ ਟਾਹਣ ਤੇ ਸਾਡੀ ਆਸ ਹਰੀ ਏ।
ਸਾਡੇ ਖੇਤ ਨੇ ਸਾਂਝੇ ਦੁਖ ਦੇ ਮਾਰੇ,
ਇਕੋ ਬੱਦਲ ਹੇਠ ਨੇ ਸਾਡੇ ਤਾਰੇ।
ਇਕ ਮਿੱਟੀ ਤੋਂ ਸਾਡੇ ਕਲਸ ਮੁਨਾਰੇ;
ਮੈਂ ਤੇਰੇ, ਤੂੰ ਮੇਰੇ ਖੜਾ ਦੁਆਰੇ।
ਪਿੱਪਲਾਂ ਅਤੇ ਖਜੂਰਾਂ ਤੇ ਰਲ ਖੇਡੇ,
ਇਕੋ ਜਹੇ ਨੇ ਜੀਵਨ ਦੇ ਰਾਹ ਟੇਢੇ,
ਸਾਡੀ ਮਰਜ਼ ਦੀ ਇਕੋ ਪਿਆਰ ਦਵਾਈ,
ਅਸੀਂ ਤੁਸੀਂ ਹਾਂ ਇਕ ਮੰਜ਼ਲ ਦੇ ਰਾਹੀ!



*Original with:*
Language Department Punjab
*Digitized by:*
Panjab Digital Library

ਬੈਠੇ ਸਦੀਆਂ ਖੇਸ ਕਲੀਨ ਵਿਛਾ ਕੇ;
ਗਾਏ ਗੀਤ ਨੇ ਦੋਹਾਂ ਸ਼ਬਦ ਮਿਲਾ ਕੇ।
ਮਧੂ-ਮੱਖੀਆਂ ਨੇ ਮਿਲ ਕੇ ਸ਼ਹਿਦ ਬਣਾਇਆ,
ਇਕ ਤੁਪਕਾ ਵੀ ਦਿਸਦਾ ਨਹੀਂ ਪਰਾਇਆ।
ਤੇਰੀ ਰਾਤ 'ਚ ਦੀਵੇ ਜਗੇ ਨੇ ਮੇਰੇ,
ਮੇਰੇ ਦਿਨ ਵਿਚ ਨੂਰ ਉਜਾਲੇ ਤੇਰੇ।
ਦੋਹਾਂ ਨੇ ਮਿਲ ਪੰਧ ਅਨੋਖੇ ਭਾਲੇ
ਦੂਰ ਦੂਰ ਚੰਦਾਂ ਤਕ ਜਾਵਣ ਵਾਲੇ।
ਦੋਹਾਂ ਦੀ ਹੈ ਮੌਤ ਮਲੇਛ-ਜੁਦਾਈ,
ਅਸੀਂ ਤੁਸੀਂ ਹਾਂ ਇਕ ਮੰਜ਼ਲ ਦੇ ਰਾਹੀ!

*Original with:*
Language Department Punjab
*Digitized by:*
Panjab Digital Library

# ਆਸ-ਗੀਤ

ਮੁੜ ਮੁੜ ਦੇਖ ਨਾ ਪਿਆ ਪਿਛਾਂਹ--
ਲੰਘ ਗਈ, ਲੰਘ ਜਾਏ,
ਅਗੇ ਹੋਰ ਹੈ ਠੰਢੀ ਛਾਂ--
ਮੁੜ ਮੁੜ ਦੇਖ ਨਾ ਪਿਆ ਪਿਛਾਂਹ।

ਅੰਤਰ-ਦੀਪ, ਬਾਹਰ ਦੇ ਟਾਪੂ
ਦੂਰ ਟਿਮਕਦੇ ਚੰਦ-ਸਿਤਾਰੇ,
ਸਾਰੇ ਤੇਰੇ ਥਾਂ---
ਮੁੜ ਮੁੜ ਦੇਖ ਨਾ ਪਿਆ ਪਿਛਾਂਹ।

"ਕੀ ਦੁਖ-ਸੁਖ ਦੇ ਸ਼ਾਮ-ਸਵੇਰੇ ?
ਸ਼ੌਕ-ਜੋਤ ਸੰਗ ਲੰਘ ਹਨੇਰੇ ;



*Original with:*
Language Department Punjab
*Digitized by:*
Panjab Digital Library

ਚਾਨਣ ਗਰਦ ਹੈ ਪੈਰ ਤੇਰੇ ਦੀ
ਦੇਖ ਤੂੰ ਜ਼ਰਾ ਉਤਾਂਹ",
ਆਖਣ ਉਡਦੇ ਉਡਦੇ ਕਾਂ--
ਮੁੜ ਮੁੜ ਦੇਖ ਨਾ ਪਿਆ ਪਿਛਾਂਹ।

ਚੰਦ-ਨਗਰ ਜਾਂ ਆਵਣ
ਸਾਵੇ ਸਾਵੇ ਖੰਡ ਹਿਨਾ;
ਕਿੱਕਰ ਬਨ ਆਵਣ ਜਾਂ ਆਵਣ
ਉਜੜੇ ਹੋਏ ਗਰਾਂ;
ਪ੍ਰੀਤਮ ਦੇ ਘਰ ਤਕ ਪੀਂਦਾ ਜਾ
ਘੋਲ ਬਹਾਰ ਖ਼ਿਜ਼ਾਂ--
ਮੁੜ ਮੁੜ ਦੇਖ ਨਾ ਪਿਆ ਪਿਛਾਂਹ।



*Original with:*
Language Department Punjab
*Digitized by:*
Panjab Digital Library

# ਫੂਲਾਂ ਰਾਣੀ

ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ!

ਜਿਸ ਨੇ ਮਨ-ਧਰਤੀ ਤੇ ਬਾਗ਼ ਉਗਾਇਆ,
ਨੂਰ ਰਿਹਾ ਜਿਸ ਦੇ ਨੈਣਾਂ ਦਾ ਸਾਇਆ;
ਅੱਜ ਸੋਹਣੇ ਨੈਣਾਂ ਚੋਂ ਜਾਵਣ ਕਿਰਦੇ
ਕੂਲੇ ਕੂਲੇ ਲਖ ਤਾਰੇ ਅਸਮਾਨੀ--
ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ!

ਸ਼ੀਸ਼-ਜੜਤ ਹੈ ਹੰਝੂਆਂ ਨਾਲ ਵਿਚਾਰਾ
ਮੋਰਛਲੀ ਸਾੜ੍ਹੀ ਦਾ ਪੱਲਾ ਸਾਰਾ;
ਗੁਰੜ-ਪਰੀ-ਮਖ਼ਮਲ ਦੇ ਬਸਤਰ ਸੋਹਣੇ
ਕਰ ਦਿਤੇ ਹਨ ਮਲਤ ਨਜ਼ਰ ਦੇ ਰੋਣੇ;
ਮੁੱਕ ਚੱਲਿਆ ਹੈ ਦਿਲ-ਝਰਨੇ ਦਾ ਪਾਣੀ--
ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ!

ਇਕ ਦਿਨ ਜਿਨ੍ਹ ਹੱਥਾਂ ਨੇ ਤਖ਼ਤ ਬਿਠਾਇਆ;
ਅਜ ਹੱਥਾਂ ਵਿਚ ਕਾਸਾ-ਭੀਖ ਫੜਾਇਆ!



Original with:
Language Department Punjab
Digitized by:
Panjab Digital Library

ਸੂਲਾਂ ਦੀ ਧਰਤੀ ਤੇ ਤੁਰਦੀ ਜਾਏ,
ਅਜ ਰਾਣੀ ਨੂੰ ਖ਼ੈਰ ਨਾ ਕੋਈ ਪਾਏ !
ਪੱਥਰ ਹਨ ਸਭ ਇਸ ਨਗਰੀ ਦੇ ਪ੍ਰਾਣੀ--
ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ !

ਚੰਦ-ਨਗਰ ਤੋਂ ਪਰ ਜਿਸ ਦੇ ਬਣ ਆਏ,
ਵਿਸਮਾਦਾਂ ਨੇ ਜਿਸ ਦੇ ਵਾਲ ਸਜਾਏ,
ਜੋ ਆਨੰਦ ਲਿਆਈ ਧੁਰ ਮੰਜ਼ਲ ਤੋਂ,
ਉਤਰ ਗਈ ਉਹ ਇਨਸਾਨਾਂ ਦੇ ਦਿਲ ਤੋਂ !
ਖ਼ਾਕ ਬਣੀ ਹੈ ਅਜ ਇਸ ਦੀ ਕੁਰਬਾਨੀ--
ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ !

ਖਾ ਚੁਕੇ ਤੇਰੇ ਬੁੱਲ੍ਹਾਂ ਦੀ ਲਾਲੀ !
ਕੌਣ ਕਰੇ ਹੁਣ ਹੱਡੀਆਂ ਦੀ ਰਖਵਾਲੀ ?
ਹੁਸਨ ਲਈ ਇਹ ਸ਼ਰਤ ਅਨੋਖੀ ਠਹਿਰੀ
ਪਾਲਕ ਹੀ ਇਕ ਦਿਨ ਬਣਦੇ ਹਨ ਵੈਰੀ !
ਜਦ ਇਹ ਹੋਵੇ ਤਾਂ ਕੀ ਕਰੇ ਦੀਵਾਨੀ ?
ਵਿਚ ਬਜ਼ਾਰਾਂ ਰੋਵੇ ਫੂਲਾਂ ਰਾਣੀ !

ਪਿੱਟ ਪਿੱਟ ਹੋ ਜਾ ਨੀਲੀ ਫੂਲਾਂ ਰਾਣੀ,
ਲਾਲ ਨਹੀਂ ਜਦ ਖ਼ੂਨ ਰਿਹਾ ਇਨਸਾਨੀ !

*Original with:*
Language Department Punjab
*Digitized by:*
Panjab Digital Library

# ਮੌਤ ਦਾ ਗੀਤ

[ਰਵੀਂਦ੍ਰ ਠਾਕੁਰ ਦੇ ਅੰਤਮ ਗੀਤ ਦੇ ਉਤਰ ਵਿਚ]

ਮੇਰਾ ਕਰਮ ਹੈ ਬੁਝਦੀ ਹਰ ਜੋਤ ਨੂੰ ਜਗਾਣਾ;
ਮੈਂ ਬਦਲਣਾ ਹੈ ਕੇਵਲ ਦੀਵਾ ਤੇਰਾ ਪੁਰਾਣਾ।
ਦੀਵਾ ਲਘੂ ਸਜਾਏ ਆਲੋਕ ਦੀਪਮਾਲਾ,
ਭਰਦੀ ਹਾਂ ਤਾਰਿਆਂ ਦੇ ਰਸ ਤੋਂ ਤਿਰਾ ਪਿਆਲਾ।
ਲੀਤੇ ਨੇ ਉਮਰ ਭਰ ਜੋ ਸੁਪਨੇ ਮਧੁਰ ਪਿਆਰੇ
ਇਕ ਪਲ 'ਚ ਨਜ਼ਰ ਆਵਣ ਦਿਲ ਦੇ ਮਹਾਂ-ਨਜ਼ਾਰੇ।
ਮੈਂ ਲੈ ਕੇ ਆ ਰਹੀ ਹਾਂ ਮਿੱਠੀ ਵਿਸ਼ਾਲ ਗੋਦੀ,
ਤੇਰੇ ਲਈ ਪੰਘੂੜੇ ਘੱਲੇ ਨੇ ਵਿਸ਼ਵ-ਮੋਦੀ,
ਤੂੰ ਜਿਸ ਨੂੰ ਤਰਸਦਾ ਸੈਂ, ਉਹ ਲੋਰੀਆਂ ਤੇ ਗਾਉਣੇ,
ਦਿਲ ਨੂੰ ਬਹਿਲਾਉਣ ਵਾਲੇ ਨਾਲੇ ਅਜਬ ਖਿਲੌਣੇ।
ਬੇੜੀ ਹਾਂ ਮੈਂ, ਤੂੰ ਅਪਣੇ ਬੰਦ ਨੈਣ ਕਰ ਕੇ ਬਹਿ ਜਾ,
ਜਿਤ ਹਾਰ ਦੇ ਗ਼ਮਾਂ ਵਿਚ ਅੰਤਮ ਸਮੇਂ ਨਾ ਰਹਿ ਜਾ।
ਓਧਰ ਖੜੀ ਹੈ ਕੋਈ ਮਸਤੀ 'ਚ ਖੋਲ੍ਹ ਬਾਹਵਾਂ,
ਛੇਤੀ ਸਮੇਟ ਕੇ ਆ ਬੇਰੰਗ ਧੁਪ-ਛਾਵਾਂ।
ਕਰਦੀ ਹੈ ਯਾਤਰਾ ਜਦ ਰੂਹ ਤੱਤ ਵਹੀਨ ਰਹਿ ਕੇ,
ਤੁਰਦੀ ਹਾਂ ਮੈਂ ਵੀ ਉਸ ਦਾ ਅਸਬਾਬ ਨਾਲ ਲੈ ਕੇ।



*Original with:*
Language Department Punjab
*Digitized by:*
Panjab Digital Library

/

ਮੈਂ ਫੂਕ ਮਾਰਦੀ ਹਾਂ ਕਰਮਾਂ ਦੀ ਬੰਸਰੀ ਵਿਚ,
ਲਖ ਰਾਗ ਗੂੰਜਦੇ ਹਨ ਮੁੜ ਸਾਰੀ ਜ਼ਿੰਦਗੀ ਵਿਚ।
ਸਭ ਬਦਲੀਆਂ ਦੇ ਸ਼ੋਅਲੇ ਉਠੇ ਮੇਰੀ ਅਗਨ ਚੋਂ,
ਵਰ੍ਹਦੇ ਨੇ ਜੀਵ ਜੰਤੂ ਮੇਰੇ ਮਹਾਂ-ਗਗਨ ਚੋਂ।
ਮੈਂ ਰਬ ਅਰੂਪ ਹਾਂ ਉਹ, ਸਾਗਰ ਹੈ ਲੀਕ ਜਿਸ ਦੀ;
ਗੋਦੀ ਮੇਰੀ 'ਚ 'ਉਹ' ਵੀ, ਸ਼ਕਤੀ ਵੀ ਸ਼ਾਂਤੀ ਵੀ।
ਬਦਨਾਂ ਦੀ ਲੈ ਕੇ ਮਿੱਟੀ ਖੇਤਾਂ 'ਚ ਜਾ ਵਿਛਾਵਾਂ,
ਮੈਂ ਉਹ ਹਵਾ ਹਾਂ ਹਰਦਮ ਜੀਵਨ ਪਈ ਵਗਾਵਾਂ।
ਮੈਂ ਤੋੜਦੀ ਹਾਂ ਤੇਰੇ ਸਭ ਬੰਦੀ-ਖ਼ਾਨਿਆਂ ਨੂੰ;
ਮੁੜ ਮੁੜ ਵਿਖਾ ਰਹੀ ਹਾਂ ਪੂਰਨ ਨਿਸ਼ਾਨਿਆਂ ਨੂੰ।
ਇਸ ਦੇਸ਼ ਵਿਚ ਨਿਸ਼ਾ ਤੂੰ, ਉਸ ਦੇਸ਼ ਵਿਚ ਉਸ਼ਾ ਤੂੰ;
ਥਕੇ ਹੋਏ 'ਰਵੀ' ਆ, ਮੱਥਾ ਮੇਰਾ ਸਜਾ ਤੂੰ।
ਮਾਵਾਂ ਦੇ ਸੀਨਿਆਂ ਚੋਂ ਕੋਈ ਨੂਰ ਫੁਟਣਾ ਚਾਹੇ,
ਸਭ ਨੂੰ ਚਮਕਦੀ ਜੋਤੀ ਅੰਦਰ ਹੀ ਨਜ਼ਰ ਆਏ।
ਤੇਰੇ ਲਈ ਮੈਂ ਆਈ ਲੈ ਕੇ ਨਵੀਂ ਖ਼ੁਦਾਈ,
ਅੱਗੇ ਹੈ ਤੇਰੀ ਮਰਜ਼ੀ ਅਪਣੀ ਨਜ਼ਰ ਦੇ ਰਾਹੀ।
ਤੇਰੇ ਲਈ ਮੈਂ ਆਈ ਲੈ ਕੇ ਬਹਾਰ-ਬਚਪਨ;
ਤੇਰੇ ਲਈ ਮੈਂ ਆਈ ਲੈ ਕੇ ਤੇਰਾ ਹੀ ਚਾਨਣ।
ਐਵੇਂ ਨਹੀਂ ਮੈਂ ਆਈ, ਐਵੇਂ ਨਹੀਂ ਤੂੰ ਆਇਆ,
ਦੋਹਾਂ ਨੂੰ ਤੋਰਦੀ ਹੈ ਕੋਈ ਮਹਾਨ-ਛਾਇਆ!
ਘਬਰਾ ਨਾ ਚਾਹੇ ਆਵਾਂ, ਮੈਂ ਬਾਰ ਬਾਰ ਆਵਾਂ।



*Original with:*
Language Department Punjab
*Digitized by:*
Panjab Digital Library

# ਮੋਤੀਏ

ਖਿੜੇ ਮੋਤੀਏ ਪਿਆਰੇ ਪਿਆਰੇ,
ਬਾਗ਼-ਅੰਬਰ ਦੇ ਤਾਰੇ !

ਕਿਸੇ ਮਹਾਂ-ਜੋਤੀ ਦਾ ਸਾਇਆ
ਇਨ੍ਹਾਂ ਨਾਜ਼ਕ ਦਿਲਾਂ ਤੇ ਛਾਇਆ ;
ਬਦਲ ਗਏ ਨੈਣਾਂ ਵਿਚ ਮੇਰੇ
ਪਹਿਲੇ ਕੁਲ ਨਜ਼ਾਰੇ !
ਖਿੜੇ ਮੋਤੀਏ ਪਿਆਰੇ ਪਿਆਰੇ !

ਕਿਸ ਦੀ ਅੱਖ ਖਿਲਾਰੇ ਪਰੀਆਂ
ਕਲੀਆਂ ਦੇ ਰੋਸ਼ਨਦਾਨਾਂ ਚੋਂ ?

*Original with:*
Language Department Punjab
*Digitized by:*
Panjab Digital Library

ਹੋ ਸਾਕਾਰ ਜਾਂ ਖੇਲਨ ਜਲਵੇ
ਨਿਕਲ ਕੇ ਮੇਰੇ ਅਰਮਾਨਾਂ ਚੋਂ,
ਝੰਗ ਸਿਆਲਾਂ ਨਾਲ ਤੜਪ ਕੇ
ਮਿਲਦੇ ਜਾਪਣ ਤਖ਼ਤ-ਹਜ਼ਾਰੇ !
ਖਿੜੇ ਮੋਤੀਏ ਪਿਆਰੇ ਪਿਆਰੇ !

ਲੱਖਾਂ ਵਾਰ ਖਿੜੇ ਮੁਰਝਾਏ,
ਅੰਦਰ ਬਾਹਰ ਦੇ ਗੀਤ ਸੁਣਾਏ;
ਪਰ ਤੋੜਨ ਵਾਲੇ ਗ਼ਾਫ਼ਿਲ ਦੀ
ਕਦੀ ਸਮਝ ਨਾ ਆਏ !

ਨਿਕਲ ਕੇ ਇਸ਼ਕ ਮੇਰੇ ਦੀ ਜੋਤੀ,
ਪ੍ਰੀਤਮ ਦੇ ਗਲ ਪੈਣ ਦੀ ਖ਼ਾਤਰ,
ਬਣੀ ਹੈ ਕੂਲੇ ਕੂਲੇ ਮੋਤੀ।
ਹੁਣ ਪ੍ਰੀਤਮ ਸੰਗ ਰਹਿਣਗੇ ਮਿਲ ਕੇ
ਮੇਰੇ ਸਰਵ-ਖਿਲਾਰੇ !
ਖਿੜੇ ਮੋਤੀਏ ਪਿਆਰੇ ਪਿਆਰੇ,
ਬਾਗ਼-ਅੰਬਰ ਦੇ ਤਾਰੇ !

*Original with:*
Language Department Punjab
*Digitized by:*
Panjab Digital Library

# ਦੀਪਕ ਗੀਤ

ਸੀਖਣ ਤੋਂ ਬਿਨ ਬੁਝਦਾ ਜਾਏ !

ਹੱਥ ਤੇਰੇ ਬਿਨ ਬੁਝ ਜਾਏਗਾ
ਮੇਰਾ ਰੰਗ ਰੰਗੀਲਾ ਦੀਵਾ ;
ਤੇਲ ਨਕੋ ਨਕ, ਬੱਤੀ ਸਾਬਤ,
ਫੇਰ ਵੀ ਆਣ ਹਨੇਰੇ ਛਾਏ--
ਸੀਖਣ ਤੋਂ ਬਿਨ ਬੁਝਦਾ ਜਾਏ !

ਇਹ ਕੀ ਬੱਸ ਇਕ ਵਾਰ ਜਗਾਇਆ,
ਫੇਰ ਚਮਕਦਾ ਹੱਥ ਨਾ ਲਾਇਆ ?
ਅੰਦਰ ਦੀ ਸੜ ਸੜ ਕੇ ਕਾਲਖ
ਦਰਵਾਜ਼ੇ ਤੇ ਜੰਮਦੀ ਜਾਏ ;
ਹੱਥ ਤੇਰੇ ਬਿਨ ਕੌਣ ਹਟਾਏ ?
ਸੀਖਣ ਤੋਂ ਬਿਨ ਬੁਝਦਾ ਜਾਏ !



*Original with:*
Language Department Punjab
*Digitized by:*
Panjab Digital Library

ਬਿਨ ਸੀਖਣ ਸੂਰਜ ਬੁਝ ਜਾਏ,
ਇਸ ਬਿਨ ਜੋਤ-ਕੰਵਲ ਕੁਮਲਾਏ।
ਹੇ ਲਹਿਰਾਂ ਵਿਚ ਤੜਪਨ ਵਾਲੀ,
ਹੇ ਚੰਦ ਤਾਰੇ ਸੀਖਣ ਵਾਲੀ,
ਕਾਲੀ ਰਾਤ 'ਚ ਸੁੰਦਰ ਰਾਣੀ,
ਸੀਖੀ ਚਲ ਇਕ ਮੋਨ ਪਰਾਣੀ,
ਸੀਖਣ ਤੋਂ ਬਿਨ ਬੁਝ ਜਾਇਗਾ
ਮੇਰਾ ਰੰਗ-ਰੰਗੀਲਾ ਦੀਵਾ।

*Original with:*
Language Department Punjab
*Digitized by:*
Panjab Digital Library

# ਸਰੋਵਰ

[ਸੌਨਿਟ]

ਅਨੇਕ ਮੱਛ, ਕਈ ਮੱਛੀਆਂ ਨੇ ਏਸ ਅੰਦਰ,
ਬੜੇ ਅਰਾਮ 'ਚ ਹੈ ਪਰ ਤਲਾ ਦਾ ਪਾਣੀ ਵੀ;
ਅਲੋਪ ਮੌਤ ਵੀ ਪਲਦੀ ਹੈ, ਜ਼ਿੰਦਗਾਨੀ ਵੀ,
ਅਨੰਦ-ਬਖ਼ਸ਼ ਵੀ ਹੈ ਲਹਿਰ-ਦੀਪ ਦਾ ਮੰਦਰ।
ਬੜਾ ਤੂਫ਼ਾਨ ਹੈ ਅੰਦਰ, ਬਾਹਰ ਨਿਸ਼ਾਨ ਨਹੀਂ।
ਬਦਲਦੇ ਰਹਿੰਦੇ ਨੇ ਹਰਦਮ ਜ਼ਮੀਨ ਤੇ ਅੰਬਰ;
ਅਜੀਬ ਜੰਗ, ਅਜਬ ਹੀ ਖਿਲਾਰ ਹਨ ਅੰਦਰ;
ਕਿਸੇ ਨੂੰ ਗ਼ਰਕ ਕਰੇ ਇਹ ਪਰ ਉਹ ਤੂਫ਼ਾਨ ਨਹੀਂ।

ਮੇਰੇ ਤਲਾ ਦੀ ਸਿਖਰ ਤੇ, ਖ਼ਿਆਲ, ਜੰਗ ਨਾ ਕਰ;
ਨਾ ਅਰਥੀਆਂ ਕੋਈ ਕੱਢੇ ਬਾਹਰ ਬਜ਼ਾਰਾਂ ਵਿਚ;
ਬਣੇ ਮਿਟੇ ਮੇਰੇ ਅੰਦਰ ਅਗਮ-ਦੁਆਰਾਂ ਵਿਚ;
ਤੂਫ਼ਾਨ, ਅਪਣੇ ਤੋਂ ਬਾਹਰ ਕਿਸੇ ਨੂੰ ਤੰਗ ਨਾ ਕਰ।
ਬਸ ਅਪਣੇ ਰੰਗ 'ਚ ਜੀਵਣ ਦੇ ਹਰ ਪ੍ਰਾਣੀ ਨੂੰ,
ਅਲੋਪ-ਤੋਰ 'ਚ ਰੱਖ ਜ਼ਿੰਦਗੀ ਦੇ ਪਾਣੀ ਨੂੰ।



*Original with:*
Language Department Punjab
*Digitized by:*
Panjab Digital Library

# ਕਲਪਨਾ

ਅਰੂਪ-ਖੰਭ, ਉਡਾਰਾਂ ਮਹਾਨ, ਤੰਗ ਖਿਲਾਰ;
ਅਰਸ਼ ਦੀ ਆਖ਼ਰੀ ਸੀਮਾ ਤੋਂ ਉਡ ਰਿਹਾ ਹੈ ਸਵਾਰ।
ਬਨਾਂ 'ਚ, ਬਾਗ਼ 'ਚ, ਸ਼ਹਿਰਾਂ 'ਚ ਜ਼ਿੰਦਗੀ ਹੈ ਉਦਾਸ,
ਕਲਪਨਾ-ਸੋਮੇ ਤੇ ਬੁਝਦੀ ਹੈ ਆ ਕੇ ਰੂਹ ਦੀ ਪਿਆਸ।
ਕਲਪਨਾ-ਪੁਲ ਤੋਂ ਗੁਜ਼ਰ ਕੇ ਹੈ ਯਾਰ ਦਾ ਘਰ ਵੀ,
ਇਸੇ ਖੜਾਕ ਤੋਂ ਖੁਲ੍ਹਦਾ ਹੈ ਮਹਿਲ ਬੇਦਰ ਵੀ।
ਨਵੇਂ ਕਰਮ ਦੀ ਕਲਪਨਾ ਹੈ ਮਾਂ, ਪਿਆਰ ਵੀ ਏ,
ਕਲਪਨਾ ਰਾਗ ਵੀ ਰੂਹ ਦਾ, ਅਮਲ-ਸਤਾਰ ਵੀ ਏ।
ਅਲੋਕ ਸ਼ਕਤੀ ਕਰੇਗਾ ਕਦਰ ਜਹਾਨ ਕਦੋਂ ?
ਸਮਝ 'ਚ ਆਏਗੀ ਇਲਹਾਮ ਦੀ ਜ਼ਬਾਨ ਕਦੋਂ ?
ਸਮੇਂ ਦੀ ਰੀੜ੍ਹ ਤਰਸਦੀ ਹੈ ਇਸ ਲਹੂ ਦੇ ਲਈ,
ਵਿਸ਼ਾਲ ਤੱਤ ਤੜਪਦੇ ਨੇ ਏਸ ਰੂਹ ਦੇ ਲਈ।



*Original with:*
Language Department Punjab
*Digitized by:*
Panjab Digital Library

ਕਲਪਨਾ ਹੀ ਤੋਂ ਨਵੇਂ ਨਿਤ ਜਹਾਨ ਪੈਦਾ ਨੇ,
ਨਵੀਨ ਬਾਗ਼, ਅਨੋਖੇ ਸਮਾਨ ਪੈਦਾ ਨੇ।
ਬਿਨਾਂ ਖ਼ਿਆਲ ਦੇ ਹਰ ਨੂਰ ਗੁਮਨਾਮ ਰਿਹਾ,
ਬਿਨਾਂ ਕਲਪਨਾ ਦੇ ਜੀਣਾ ਵੀ ਇਕ ਹਰਾਮ ਰਿਹਾ।
ਨਵੀਨ ਸ਼ਕਤੀਆਂ ਭਾਲੇ ਪੁਰਾਣੇ ਅਰਸ਼ਾਂ ਚੋਂ,
ਮਹਾਨ ਨੂਰ ਵਿਖਾਉਂਦੀ ਹੈ ਕਾਲੇ ਫ਼ਰਸ਼ਾਂ ਚੋਂ।
ਇਹ ਸਿੱਪੀਆਂ ਦੇ ਰਸਾਂ ਤੋਂ ਕਹਾਣੀਆਂ ਲਿਖ ਕੇ
ਜ਼ਮੀਰ ਮੁਰਦਾ ਜਹਾਨਾਂ ਨੂੰ ਜ਼ਿੰਦਗੀ ਦੇਵੇ।
ਸਰਵ-ਖਿਲਾਰਾ ਕਿਸੇ ਦੀ ਅਮਰ ਕਲਪਨਾ ਏ,
ਅਸੀਂ ਵੀ ਸਾਇਆ-ਕਲਪਨਾ ਦੇ ਹਾਂ ਕਈ ਸਾਏ।
ਕਲਪਨਾ-ਸ਼ਕਤੀ, ਸਦਾ ਹਾਂ ਤੇਰਾ ਪੁਜਾਰੀ ਮੈਂ,
ਅਲੋਕ ਰੂਹ ਦਾ ਕਵੀ ਹਾਂ ਨਹੀਂ ਵਪਾਰੀ ਮੈਂ।

*Original with:*
Language Department Punjab
*Digitized by:*
Panjab Digital Library

# ਕਾਫ਼ਲਾ

ਚਲੋ ਚਲੋ, ਕਾਫ਼ਲੇ ਵਾਲੇ ਚਲੇ ਚਲੇ !

ਆਏ ਹਨ ਸਾਡੇ ਪਿੰਡ ਲਾਗੇ,
ਜਾਗੋ ਜੋ ਨਹੀਂ ਜਾਗੇ ;
ਵੱਖ ਵੱਖ ਸੂਰਤ ਤੇ ਵੀ ਹਨ ਸਭ ਮਿਲੇ ਜੁਲੇ !
ਚਲੋ ਚਲੋ, ਕਾਫ਼ਲੇ ਵਾਲੇ ਚਲੇ ਚਲੇ !

ਆਪਣੇ ਹੀ ਤਾਰੇ ਵਿਚ ਗਰਦਸ਼ ਕਰਦੇ,
ਯੁਗਾਂ ਯੁਗਾਂ ਤੋਂ ਦੁਖ-ਸੁਖ ਜਰਦੇ ਜਰਦੇ ;
ਮੰਜ਼ਲ-ਮੇਲ 'ਚ ਅਪਣੀ ਜੀਂਦੇ ਮਰਦੇ,
ਸਿੰਧੂ-ਕਾਲ-ਹਨੇਰ 'ਚ ਡੁਬਦੇ ਤਰਦੇ,
ਆਏ ਹਨ ਲੈ ਕੇ ਸੰਗ ਨਵੇਂ ਸਵੇਰੇ,
ਜਾ ਪਹੁੰਚਣਗੇ ਮੰਜ਼ਲ ਤੇ ਦਿਨ ਰਹੇ ਢਲੇ !
ਚਲੋ ਚਲੋ, ਕਾਫ਼ਲੇ ਵਾਲੇ ਚਲੇ ਚਲੇ !



*Original with:*
Language Department Punjab
*Digitized by:*
Panjab Digital Library

# ਅਧੂਰਾ ਗੀਤ

ਤੇਰਾ ਮੂੰਹ ਚੁੰਮਣਾ ਹੈ ਪਾਪ!
ਪਾਪ ਨਹੀਂ ਜੇ ਚੁੰਮ ਲੈ ਆਖੇਂ
ਮੂੰਹ ਆਪਣੇ ਤੋਂ ਆਪ।

ਤੇਰਾ ਮੈਂ ਕਰਦਾ ਹਾਂ ਜਾਪ!
ਕਦੇ ਕਰਾਂ ਨਾ ਜੇ ਤੂੰ ਆਖੇਂ
ਅਪਣੀ ਜੀਭ ਤੋਂ ਆਪ।
ਮੈਂ ਕਰ ਦਿਆਂ ਬਗ਼ਾਵਤ
ਚਾਹੇ ਦੇਂਦਾ ਰਹੇਂ ਸਰਾਪ।

ਸਾਗਰ ਰਿਹਾ ਹਾਂ ਨਾਪ,
ਦਿਲ ਦੀ ਲਘੂ ਪਿਆਲੀ ਲੈ ਕੇ
ਮੈਂ ਹੁਣ ਅਪਣੇ ਆਪ।
ਸਾਗਰ ਹੋ ਗਿਆ ਖ਼ਾਲੀ
ਭਰੀ ਨਾ ਲਘੂ ਪਿਆਲੀ........

*Original with:*
Language Department Punjab
*Digitized by:*
Panjab Digital Library

# ਰੋਸ਼ਨੀ ਲਈ

[ਸੌਨਿਟ]

ਬੁਝੇ ਬੁਝੇ ਜੁਗਨੂੰ ਸਭ ਮਿਟੇ ਮਿਟੇ ਤਾਰੇ,
ਬਲੰਦੀਆਂ 'ਚ ਵੀ ਦੀਵਾ ਨਹੀਂ ਕੋਈ ਰੋਸ਼ਨ;
ਨਾ ਦੂਰ ਦੂਰ ਕਿਤੇ ਕਰਮ-ਜੋਤ ਦਾ ਚਾਨਣ,
ਤੁਰੀ ਹੀ ਜਾਂਦੇ ਹਾਂ ਤਾਂ ਵੀ ਮੁਸੀਬਤਾਂ ਮਾਰੇ।
ਕਿਸੇ ਪਹਾੜ ਦੀ ਬੂਟੀ ਜਗੇ ਨਾ ਹੁਣ ਰਾਤੀਂ,
ਲੁਕੀ ਹੈ ਮੂਰਛਾ ਮੇਰੀ ਦੀ ਹੁਣ ਦਵਾ ਕਿਧਰੇ,
ਗ਼ਰਕ ਗਈ ਮੇਰੇ ਕਲਿਆਣ ਦੀ ਹਵਾ ਕਿਧਰੇ;
ਤੁਹੀਂ ਹਨੇਰ ਦੀ ਜੋਤੀ, ਆਵਾਜ਼ ਸੁਣ ਰਾਤੀਂ!

ਨਜ਼ਰ ਗੁਆਚ ਗਈ ਡੰਡੀਆਂ ਦੀ ਭਾਲ ਅੰਦਰ,
ਕਿਸੇ ਵੀ ਚੰਦ ਨੇ ਰਸਤਾ ਤੇਰਾ ਵਿਖਾਇਆ ਨਾ।
ਯੁਗਾਂ ਦੀ ਲਾਟ ਨੇ ਅੰਦਰ ਨੂੰ ਜਗਮਗਾਇਆ ਨਾ,
ਕਦੀ ਤਾਂ ਨਾਚ ਨਚਾ ਦੇ ਵਿਸ਼ਾਲ ਤਾਲ ਅੰਦਰ।
ਤੜਪਦੀ ਏ ਮੇਰੀ ਕੁਦਰਤ ਕਰਮ-ਕਣੀ ਦੇ ਲਈ,
ਹਨੇਰ ਅਪਣੇ 'ਚ ਰੋਂਦਾ ਹਾਂ ਰੋਸ਼ਨੀ ਦੇ ਲਈ।



Original with:
Language Department Punjab
Digitized by:
Panjab Digital Library

# ਬੇੜੀ

[ਸੌਨਿਟ]

ਤੜਪ ਨਾ, ਰਾਤ ਤੋਂ ਪਹਿਲਾਂ ਪਹੁੰਚ ਹੀ ਜਾਏਗੀ,
ਤੁਰੀ ਜੋ ਜਾਂਦੀ ਏ ਗ਼ਮ ਦੀ ਸਿਕਲ ਦੁਪਹਿਰ ਅੰਦਰ;
ਪਹੁੰਚ ਹੀ ਜਾਏਗੀ ਉਜਲੇ ਦਮਾਂ ਦੇ ਸ਼ਹਿਰ ਅੰਦਰ।
ਕੋਈ ਉਮੀਦ ਸੁਆਗਤ ਤੇਰੇ ਨੂੰ ਆਏਗੀ।
ਚਮਕ ਰਹੇ ਨੇ ਕਲਸ ਦੇਖ ਉਸ ਕਿਨਾਰੇ ਤੇ,
ਮੇਰੇ ਖ਼ਿਆਲ ਕਿਨਾਰੇ ਤੋਂ ਕੋਈ ਦੂਰ ਨਹੀਂ;
ਸ਼ੁਕਰ ਕਿ ਅਮਲ ਥਕਾਵਟ ਤੋਂ ਚੂਰ ਚੂਰ ਨਹੀਂ!
ਲਵਾਂਗਾ ਦਮ ਮੈਂ ਪਹੁੰਚ ਕੇ ਉਸੇ ਸਤਾਰੇ ਤੇ।

ਸਭ ਅਪਣੀ ਰਾਣੀ ਦੇ ਸਿਰ ਤੋਂ ਲੁਟਾ ਦਿਆਂਗਾ ਮੈਂ
ਜੋ ਗੀਤ ਭਰ ਕੇ ਲਿਆਂਦੇ ਨੇ ਉਮਰ-ਨੌਕਾ ਵਿਚ;
ਜੋ ਰੂਹ ਬਚਾਉਂਦੇ ਰਹੇ ਅੰਧਕਾਰ-ਦਰਿਆ ਵਿਚ,
ਜ਼ਬਾਨ ਅਪਣੀ ਤੋਂ ਸਾਰੇ ਸੁਣਾ ਦਿਆਂਗਾ ਮੈਂ।
ਕੋਈ ਵੀ ਗੀਤ ਜੇ ਉਸ ਨੂੰ ਪਸੰਦ ਆ ਜਾਏ,
ਯੁਗਾਂ ਦੀ ਕਾਰ ਮੇਰੀ ਨੂੰ ਅਨੰਦ ਆ ਜਾਏ!

*Original with:*
Language Department Punjab
*Digitized by:*
Panjab Digital Library

## ਗ਼ਜ਼ਲ

ਸਦੀਆਂ ਹੀ ਉਮਰ-ਆਸ਼ਾ ਫਿਰਦੀ ਰਹੀ ਬਨਾਂ ਵਿਚ,
ਦੇਖੀ ਨਾ ਜੋਤ ਤੇਰੀ ਅਪਣੀ ਹੀ ਭਾਵਨਾ ਵਿਚ!
ਅਪਣੇ ਹੀ ਸੁਪਨਿਆਂ ਚੋਂ ਖੁਲ੍ਹੀ ਨਾ ਅੱਖ ਹਾਲੇ,
ਆਉਂਦੀ ਰਹੀ ਹੈ ਬੇਸ਼ਕ ਕੋਈ ਕਿਰਨ ਮਨਾਂ ਵਿਚ।
ਦਿਲ ਸਮਝਿਆ ਨਾ ਮਤਲਬ ਇਸ ਅਸਤ ਦਾ, ਉਦੇ ਦਾ;
ਤੁਰਦੇ ਹਾਂ ਕਿਸ ਸਰਾਂ ਚੋਂ, ਜਾਣਾ ਹੈ ਕਿਸ ਸਰਾਂ ਵਿਚ?
ਕਿਸ ਕਿਸ ਦਾ ਭੇਤ ਪਾਏ ਮੇਰੀ ਨਜ਼ਰ ਦੀ ਸ਼ਕਤੀ,
ਸਬਜ਼ੀ ਤੇਰੀ ਹਿਨਾ ਵਿਚ, ਸੁਰਖ਼ੀ ਤੇਰੀ ਹਿਨਾ ਵਿਚ।
ਮਿਲਿਆ ਨਹੀਂ ਪਿਆਰਾ, ਆਇਆ ਨਹੀਂ ਕਿਨਾਰਾ!
ਲੱਖ ਵਾਰ ਮੇਰੀ ਸੋਹਣੀ ਡੁੱਬੀ ਹੈ ਇਸ ਝਨਾਂ ਵਿਚ।

*Original with:*
Language Department Punjab
*Digitized by:*
Panjab Digital Library

ਦੇ ਜ਼ਿੰਦਗੀ ਨੂੰ ਕੋਈ ਤਕਦੀਰ-ਮੇਟ-ਤਾਕਤ,
ਮੈਂ ਆ ਕੇ ਫਸ ਗਿਆ ਕਿਉਂ ਅਪਣੇ ਹੀ ਨਿਸ-ਦਿਨਾਂ ਵਿਚ?
ਪੰਛੀ ਹਾਂ ਅਰਸ਼ ਦਾ ਮੈਂ, ਇਸ ਨੂੰ ਤਾਂ ਪਰ ਛੁਡਾ ਦੇ,
ਜੋ ਡੋਰ ਅੜ ਗਈ ਏ ਭਾਗਾਂ ਦਿਆਂ ਪਰਾਂ ਵਿਚ।
ਲਹਿਰਾਂ 'ਚ ਰਹਿ ਨਾ ਜਾਏ ਸਾਗਰ-ਤਰੀ ਇਹ ਮੇਰੀ,
ਤਰਨਾ ਹੈ ਮੈਂ ਤਾਂ ਹਾਲੇ ਨੂਰਾਂ ਦੇ ਸਾਗਰਾਂ ਵਿਚ।
ਬਾਹਰ ਦੀ ਰੋਸ਼ਨੀ ਕੀ ਸੋਤਾ ਹੈ ਖ਼ੁਸ਼ਕ ਜਦ ਤਕ?
ਰਹਿਮਤ ਦਾ ਮੀਂਹ ਵਸਾ ਦੇ ਅੰਦਰ ਦੇ ਉਪਬਨਾਂ ਵਿਚ।
ਬਾਗ਼ੀ ਬਣਾ ਰਿਹਾ ਹੈ ਕੀ ਦੋਸ਼ ਇਸ 'ਚ ਮੇਰਾ,
ਤੇਰਾ ਹੀ ਤੇਜ ਹੈ ਇਹ ਮਿੱਟੀ ਦੀਆਂ ਰਗਾਂ ਵਿਚ।



*Original with:*
Language Department Punjab
*Digitized by:*
Panjab Digital Library

## ਤੇਰੇ ਗੀਤ

ਸੁਣ ਕੇ ਗੀਤ ਤੇਰੇ
    ਨਿਰਮਲ ਚਾਂਦਨੀਆਂ ਦੇ ਡੁਲ੍ਹ ਪਏ ਨੈਣ ਅਮੋਲ,
ਦਰਦ ਦੇ ਸੋਮੇ ਬੋਲ;
    ਜ਼ਖ਼ਮੀ ਲੈ ਸੁਣ ਕੇ ਸਭ ਤਾਰੇ ਲਗ ਪਏ ਰੋਣ,
ਪੀਲੇ ਲਗ ਪਏ ਹੋਣ;
    ਅੰਦਰ ਪੀੜ ਜਗੇ ਲਖ ਬੱਤੀਆਂ ਬਾਲੇ ਹੋਰ,
    ਸੁਪਨੇ ਜਨਮਾਂ ਦੇ ਉਠ ਚੱਲਦੇ ਨੇ ਅਪਣੀ ਤੋਰ,



*Original with:*
Language Department Punjab
*Digitized by:*
Panjab Digital Library

ਸੁਣ ਕੇ ਗੀਤ ਤੇਰੇ
ਦਿਲ-ਜੁਗਨੂੰ ਚਮਕੇ, ਤੜਪੇ ਲੱਖ ਜੀਭਾਂ ਨੂੰ;
ਖਿੱਚਦਾ ਹੈ ਕੋਈ ਅੰਦਰ ਦੀਆਂ ਤਾਰਾਂ ਨੂੰ।
ਮੁੜ ਵੱਜਦੇ ਨੇ ਜ਼ੁਲਫ਼ਾਂ ਦੇ ਤੀਰ ਜਹੇ
ਮੁੜ ਕੇ ਕਹਿੰਦਾ ਹਾਂ, "ਧੰਨ ਤੀਰਾਂ ਵਾਲਾ ਏ!"
ਮੁੜ ਕੇ ਤੱਕਦਾ ਹਾਂ, ਮੁੜ ਜਾਗੇ ਨੇ ਦਿਨ ਮੇਰੇ
ਸੁਣ ਕੇ ਗੀਤ ਤੇਰੇ
ਗੀਤ ਤੇਰੇ ਸੁਣ ਕੇ ਅਰਸ਼ ਨੂੰ ਆ ਗਈ ਨੀਂਦ।

ਫ਼ਰਸ਼ ਤੇ ਗੀਤਾਂ ਦੇ ਇਹ ਕਿਸ ਦੇ ਨੇ ਪੈਰ ਅਲੋਪ?
ਜੀਵਨ-ਜੋਤ ਮੇਰੀ ਪਈ ਚੁੰਮਦੀ ਏ ਲੱਖ ਲੱਖ ਵਾਰ!
ਕਾਸ਼ ਕਿ ਹੋ ਸਕਦੇ ਅੱਜ ਮੇਰੇ ਨੈਣ ਹਜ਼ਾਰ!
ਲੁਕਿਆ ਰਹਿੰਦਾ ਨਾ ਕੋਈ ਮੇਰਾ ਬੰਦ-ਦੁਆਰ
ਸੁਣ ਕੇ ਗੀਤ ਤੇਰੇ
ਦਰਦੀ ਗੀਤਾਂ ਤੋਂ ਜਗ ਸੌਂਦੇ ਸੌਂਦੇ ਜਾਣ
ਪਰ ਅੰਦਰ ਮੇਰੇ ਕੋਈ ਅਨਹਦ ਰਾਸ ਰਚਾਣ;
ਰੋਮਾਂ ਦੇ ਪਿੰਜਰ ਪਿੰਜਰ ਵਿਚ ਪੈ ਗਈ ਜਾਨ,
ਗੀਤਾਂ ਵਾਲੇ ਦੇ ਨੈਣਾਂ ਸੰਗ ਨੈਣ ਮਿਲਾਣ
ਦਰਦੀ ਗੀਤ ਤੇਰੇ--
ਹੋਈ ਨਗਰ ਮੇਰੇ ਵਿਚ ਵਿਸਮਾਦਾਂ ਦੀ ਲੋ,
ਜੀਵਨ-ਕਾਲ-ਗੁਫ਼ਾ ਵਿਚ ਪਹੁੰਚੀ ਕਿਰਨ ਅਲੋਕ।

*Original with:*
Language Department Punjab
*Digitized by:*
Panjab Digital Library

ਰਸਤੇ ਚੋਂ ਮੇਰੇ ਹਟਦੀ ਜਾਪੇ ਹਰ ਰੋਕ,
ਗੀਤਾਂ ਨੂੰ ਤੇਰੇ ਪਰ ਕੀ ਸਮਝਣਗੇ ਲੋਕ?

ਮਿੱਠੇ ਗੀਤ ਤੇਰੇ :

ਗੀਤਾਂ ਦੀ ਸੁਰ ਤੋਂ ਦੁੱਖ ਢਲਦੇ ਢਲਦੇ ਜਾਣ,
ਵ੍ਰਿਖਮ ਗੁਨਾਹਾਂ ਦੇ ਦਿਨ ਟਲਦੇ ਟਲਦੇ ਜਾਣ,
ਦਮ ਦੇ ਪੰਛੀ ਨੂੰ ਮੁੜ ਕੇ ਪਰ ਲਗਦੇ ਜਾਣ,
ਗਾਉਂਦਾ ਜਾ ਪਿਆਰੇ ਇਹ ਚੇਤਨ ਰੂਪ ਪ੍ਰਾਣ।
ਚਾਹੇ ਅਰਸ਼ਾਂ ਨੂੰ ਆ ਜਾਏ ਇਸ ਤੋਂ ਨੀਂਦ,
ਹਿਰਦਾ ਧਰਤੀ ਦਾ ਜਾਗੇਗਾ, ਯਾਰ, ਜ਼ਰੂਰ–
ਸੁਣ ਕੇ ਗੀਤ ਤੇਰੇ!



*Original with:*
Language Department Punjab
*Digitized by:*
Panjab Digital Library

# ਪਰਦੇਸਾਂ ਵਿਚ

ਨਾਮ ਵਹੀਨ ਰੰਜ ਕੋਈ ਜਾਗੇ ਧੁੰਦਲੀ ਯਾਦ-ਸੁਰਤ ਚੋਂ,
ਗਰਮ ਗਰਮ ਮੋਤੀ ਪਏ ਨਿਕਲਣ ਅਪਣੀ ਗਾੜ੍ਹੀ ਰਤ ਚੋਂ!
ਸੋਚ ਰਿਹਾ ਹਾਂ ਕੀ ਕੁਝ ਖ਼ਬਰੇ ਮਤਲਬ ਸਮਝ ਨਾ ਆਏ,
ਇਕ ਬੱਦਲ ਜਾਂਦਾ ਨਹੀਂ ਹਾਲੇ ਝਟ ਦੂਜਾ ਆ ਛਾਏ!
ਨਜ਼ਰ ਨੇ ਲਖ ਲਖ ਵਰਕ ਉਥੱਲੇ ਅਪਣੇ ਕੋਸ਼-ਕਰਮ ਦੇ,
ਕਾਸ਼! ਪੜ੍ਹੇ ਜਾਂਦੇ ਦੋ ਅੱਖਰ ਜੀਵਨ-ਰੂਪ-ਭਰਮ ਦੇ।
ਸੌਣ ਲਈ ਹੱਲੇ ਕਰਦਾ ਹਾਂ, ਕਾਬੂ ਨੀਂਦ ਨਾ ਆਏ,
ਪੁੱਤਲੀ ਰਸਤੇ ਦੇ ਪੱਥਰਾਂ ਸੰਗ ਬਚ ਬਚ ਕੇ ਟਕਰਾਏ!
ਦੂਰ ਚਮਕਦੇ ਖੇਤਾਂ ਅੰਦਰ ਗੀਤ ਪਿਆ ਕੋਈ ਗਾਏ,
ਗਾਉਂਦਾ ਗਾਉਂਦਾ ਬੈਲ ਵੀ ਤੋਰੇ, ਟਲੀਆਂ ਦੀ ਸੁਰ ਆਏ।
ਤੜਪ ਰਿਹਾ ਹਾਂ ਸੁਣ ਸੁਣ ਵਾਜਾਂ ਅਪਣੇ ਖੇਤ ਪਛਾਣਾਂ,
ਪਰ ਮੈਂ ਭੁਲਿਆ ਭਟਕਿਆ ਰਾਹੀ ਕਦ ਹੋਵੇਗਾ ਜਾਣਾ?
ਦੇਖ ਕੇ ਇਕ ਗੁਮਨਾਮ ਮੁਸਾਫ਼ਰ ਨੇੜੇ ਗੀਤ ਨਾ ਆਵਣ,
ਚਾਨਣ ਭਾਗ-ਲਕੀਰਾਂ ਮੈਥੋਂ ਦੂਰ ਹੀ ਲੁਕੀਆਂ ਜਾਵਣ।
ਮੈਂ ਹੀ ਕਿਉਂ ਬੇਬਸ ਹਾਂ, ਪਿਆਰੇ, ਖੰਭ ਨਹੀਂ ਕਿਉਂ ਮੇਰੇ?
ਕੁਝ ਦਿਨ ਮੈਂ ਵੀ ਤਾਂ ਆ ਜਾਂਦਾ ਜੋਤ-ਮਹਿਲ ਵਿਚ ਤੇਰੇ।
ਭੁਲਣ ਵਿਚ ਕੋਈ ਮੰਜ਼ਲ ਹੈ ਕੀ? ਬੈਠਣ ਵਿਚ ਕੋਈ ਤੁਰਨਾ?
ਹੈ ਅਨੰਦ ਪੁਰੀ ਦਾ ਰਸਤਾ ਸ਼ਾਇਦ ਮੇਰਾ ਕਰੁਣਾ?



*Original with:*
Language Department Punjab
*Digitized by:*
Panjab Digital Library

# ਮੁਰਲੀ

ਨਾ ਰਖ ਮੁਰਲੀ ਮੇਰੀ ਮੌਨ !

ਤੇਰੇ ਨਾਚ-ਭਵਨ ਵਿਚ, ਪਿਆਰੇ,
ਸਾਜ ਵਜਾਏ ਕੌਣ ?
ਨਾ ਰਖ ਮੁਰਲੀ ਮੇਰੀ ਮੌਨ !

ਪ੍ਰੀਤਮ, ਅਪਣੇ ਉਪਬਨ ਅੰਦਰ
ਛਾਵਣ ਦੇ ਰਾਗਾਂ ਦਾ ਅੰਬਰ ;
ਹੋ ਜਾਏ ਮੁਰਲੀ-ਸੁਰ ਚਾਨਣ,
ਲਘੂ-ਅਪਾਰ ਪਏ ਸਭ ਮਾਨਣ ;
ਅੰਧਕਾਰ-ਦੈਂਤਾਂ ਦੇ ਸਨਮੁਖ
ਝੁਕੇ ਨਾ ਆਤਮ-ਧੌਣ ।
ਹੇ ਸੁਰਕਾਰ, ਫੂਕ ਸੁਰ ਐਸੀ
ਗਾਏ ਤੇਰੇ ਗਾਉਣ—
ਨਾ ਰਖ ਮੁਰਲੀ ਮੇਰੀ ਮੌਨ !



*Original with:*
Language Department Punjab
*Digitized by:*
Panjab Digital Library

# ਅਰਜ਼ੋਈ

ਨਾ ਕਰ ਦੇਖ ਕੇ ਬੂਹੇ ਬੰਦ !

ਆਪੇ ਵਦੀ ਨਾ ਲੁਕਣਾ ਚਾਹੇ
ਬੱਦਲਾਂ ਉਹਲੇ ਚੰਦ---
ਨਾ ਕਰ ਦੇਖ ਕੇ ਬੂਹੇ ਬੰਦ !

ਬੇਸ਼ਕ ਇਹ ਬਾਗ਼ੀ ਦਿਲ ਮੇਰਾ
ਤੇਰੇ ਨਹੀਂ ਪਸੰਦ---
ਨਾ ਕਰ ਦੇਖ ਕੇ ਬੂਹੇ ਬੰਦ !

ਸਦੀਆਂ ਹੋਈਆਂ ਕਟਦਿਆਂ ਗੇੜੇ,
ਦਿਨ ਦਿਨ ਵਧਦੇ ਜਾਣ ਬਖੇੜੇ;
ਫਿਰਦੇ ਫਿਰਦੇ ਆਲ-ਦੁਆਲੇ,
ਉਮਰ ਦੇ ਪੈਰ 'ਚ ਪੈ ਗਏ ਛਾਲੇ;
ਦਰ ਤੇਰੇ ਤੇ ਆਇਆ ਹਾਂ ਮੈਂ
ਲੰਘ ਸਮਿਆਂ ਦੇ ਸਰਦੀਆਂ ਪਾਲੇ;
ਦੇ ਦਰਸ਼ਨ, ਹੇ ਵਿਸ਼ਵ ਦੇ ਅਸਲੇ,
ਆਸ ਦੇ ਦਾਰੂ ਬੰਦ !
ਨਾ ਕਰ ਦੇਖ ਕੇ ਬੂਹੇ ਬੰਦ !



*Original with:*
Language Department Punjab
*Digitized by:*
Panjab Digital Library

# ਆਪਣਾ ਗੀਤ

ਨਜ਼ਰ ਵਿਚ ਆਪ ਹਨੇਰ ਵਿਛਾਇਆ ।

ਤੇਜ਼ ਹਵਾ ਵਿਚ ਜਗ ਰਿਹਾ ਦੀਵਾ,
ਜੀਵਨ ਦੀ ਰੁਸ਼ਨਾਈ;
ਭਾਗਹੀਣ ਆਪਣੇ ਪੱਲੇ ਨੇ
ਅਪਣਾ ਨੂਰ ਬੁਝਾਇਆ—
ਨਜ਼ਰ ਵਿਚ ਅੰਨ੍ਹ-ਹਨੇਰ ਵਸਾਇਆ ।

ਭਲਾ ਕਿਉਂ ਨੂਰੀ ਫੁੱਲ ਕੁਮਲਾਇਆ ?
ਪ੍ਰੇਮ-ਜੋਸ਼ ਵਿਚ ਜਦ ਮੈਂ ਉਸ ਨੂੰ
ਸੀਨੇ ਦੇ ਸੰਗ ਲਾਇਆ,
ਹੱਥ-ਨਫ਼ਸ ਦੀ ਦਮ-ਗਰਮੀ ਤੋਂ
ਕੋਮਲ ਫੁੱਲ ਮੁਰਝਾਇਆ !
ਕਰਮ ਤੋਂ ਅਪਣੇ ਮੈਂ ਸ਼ਰਮਾਇਆ—
ਨਜ਼ਰ ਵਿਚ ਆਪ ਹਨੇਰ ਵਿਛਾਇਆ ।

ਮੈਂ ਤੇਰਾ ਸੋਮਾ ਆਪ ਸੁਕਾਇਆ !
ਜੋ ਸੀ ਸਾਰੀ ਦੁਨੀਆ ਖ਼ਾਤਰ
ਮੈਂ ਉਸ ਨੂੰ ਬੰਨ੍ਹ ਮਾਰੇ;



*Original with:*
Language Department Punjab
*Digitized by:*
Panjab Digital Library

ਜੀਵਾਂ ਦੇ ਭਾਗਾਂ ਦਾ ਪਾਣੀ
ਅਪਣੇ ਖੇਤ ਨੂੰ ਲਾਇਆ;
ਮੌਲਣ ਦੀ ਥਾਂ ਗਲ ਗਈ ਖੇਤੀ,
ਅਜਬ ਹੀ ਰੰਗ਼ ਵਟਾਇਆ;.
ਮੈਂ ਤੇਰਾ ਸੋਮਾ ਆਪ ਸੁਕਾਇਆ,
ਕਰਮ ਤੋਂ ਅਪਣੇ ਹੁਣ ਸ਼ਰਮਾਇਆ—
ਜਗਤ ਵਿਚ ਅੰਨ੍ਹ-ਹਨੇਰ ਵਸਾਇਆ।



*Original with:*
Language Department Punjab
*Digitized by:*
Panjab Digital Library

# ਮਹਿਮਾਨ

ਆਇ, ਆਇ ਕੋਈ ਮਹਿਮਾਨ ।

. . . .

ਦਿਲ ਦੀ ਜਾਨ 'ਚ ਜਾਨ !
ਸ਼ੁਧ ਕਰੇ ਮੇਰਾ ਅਸਥਾਨ--
ਆਇ ਕੋਈ ਮਹਿਮਾਨ !

ਜੀਵਨ ਹੈ ਸਾਂਝਾਂ ਸੰਗ ਮੇਰਾ ;
ਸਭ ਮੇਰੇ, ਸਭ ਮੇਰੇ ।
ਦੂਰੋਂ ਨੇੜਿਓਂ ਆਇ ਕੋਈ
ਰਾਤ, ਦੁਪਹਿਰ, ਸਵੇਰੇ--
ਲੈ ਪ੍ਰਾਣੀ ਕੋਈ ਪ੍ਰਾਣ,
ਆਇ, ਆਇ ਕੋਈ ਮਹਿਮਾਨ !

*Original with:*
Language Department Punjab
*Digitized by:*
Panjab Digital Library

ਪਛਮ ਦੇ, ਪੂਰਬ ਦੇ ਪਾਂਧੀ,
ਉਤਰ ਦੇ, ਦੱਖਣ ਦੇ ਰਾਹੀ,
ਸਭ ਮੇਰੀ ਅੰਮਾ ਦੇ ਜਾਏ,
ਅਰਸ਼ੀ ਵੀ ਨਹੀਂ ਕੋਈ ਪਰਾਏ,
ਆਏ, ਕੋਈ ਵੀ ਆਏ !
ਅਰਪਣ ਮੈਂ, ਅਰਪਣ ਸਾਮਾਨ--
    ਆਏ, ਕੋਈ ਮਹਿਮਾਨ !
    ਆਏ, ਆਏ ਕਈ ਮਹਿਮਾਨ !

ਸੂਰਜ ਦੇ ਉੱਤਮ ਪ੍ਰਕਾਸ਼ !
ਹੇ ਜੀਵਨ ਦਾਤਾ, ਅਬਿਨਾਸ਼ !
ਜਦ ਤੂੰ ਹੋਏਂ ਕਦੇ ਉਦਾਸ,
ਆਵੀਂ ਮੇਰੇ ਪਾਸ।
ਕਦੀ ਉਹ ਆਸ ਖਿਲਾਰਾਂ ਵਾਲਾ
ਮੇਰਾ ਕਰੇ ਧਿਆਨ,
ਆਣ ਬਣੇ ਮਹਿਮਾਨ !
    ਆਏ, ਆਏ ਕੋਈ ਮਹਿਮਾਨ !

*Original with:*
Language Department Punjab
*Digitized by:*
Panjab Digital Library

# ਰਾਹੀ

"ਖ਼ਿਆਲ-ਦੀਪ 'ਚ ਹਾਲੇ ਪਹੁੰਚ ਗਏ ਕਿ ਨਹੀਂ ?"

"ਅਜੇ ਨਹੀਂ, ਜੀ ਨਹੀਂ ।"

"ਅਨੇਕ ਜਗਦੀਆਂ ਜੋਤਾਂ ਦੇ ਕਾਫ਼ਲੇ ਵਾਲੇ
ਖ਼ਿਆਲ-ਦੀਪ 'ਚ ਪਹੁੰਚੇ ਨਹੀਂ ਅਜੇ ਤਕ ਕਿਉਂ ?
ਅਲੋਕ ਸਾਂਝ ਦੀ ਮੰਜ਼ਲ 'ਚ ਹੋ ਗਿਆ ਸ਼ਕ ਕਿਉਂ ?
ਜਾਂ ਦਰਦ-ਅਮਲ ਦੇ ਪੈਰਾਂ 'ਚ ਪੈ ਗਏ ਛਾਲੇ ?"

*Original with:*
Language Department Punjab
*Digitized by:*
Panjab Digital Library

"ਅਨੇਕ ਜਗਦੀਆਂ ਜੋਤਾਂ ਦੇ ਕਾਫ਼ਲੇ ਵਾਲੇ
ਤੁਰੇ ਤਾਂ ਸਾਂਝ ਦੀ ਮੰਜ਼ਲ ਨੂੰ ਸਨ ਬੜੀ ਛੇਤੀ;
ਨਜ਼ਰ 'ਚ ਸਭ ਦੀ ਪਰ ਅਪਣੀ ਰਹੀ ਹਰੀ ਖੇਤੀ,
ਨਫ਼ਸ ਦੇ ਫੇਰ ਰਹੇ ਓਹੋ ਗਰਮੀਆਂ ਪਾਲੇ।
ਇਹ ਰਸਤਿਆਂ 'ਚ ਹੀ ਕਿਧਰੇ ਅਲੋਪ ਹੋਵੇਗਾ,
ਕਦੀ ਬਸ ਅਪਣੇ ਹੀ ਜਾਲਾਂ 'ਚ ਆਪ ਰੋਵੇਗਾ।"

"ਖ਼ਿਆਲ-ਦੀਪ 'ਚ ਕੀ ਇਹ ਕਦੇ ਨਾ ਜਾਏਗਾ?"

"ਅਜੇ ਨਹੀਂ, ਜੀ ਨਹੀਂ।
ਹੁਣ ਅਪਣੇ ਅਪਣੇ ਖ਼ਿਆਲਾਂ ਦੇ ਬਣ ਗਏ ਮਾਲਕ,
ਬੁਝਾ ਰਿਹਾ ਹੈ ਕੋਈ ਜੋਤ ਅਪਣੇ ਸਾਥੀ ਦੀ;
ਬੁਝਾਈ ਜਾਂਦੇ ਨੇ ਆਖ਼ਰ ਖ਼ਿਆਲ ਰੋਸ਼ਨ ਵੀ,
ਬਣੇ ਨੇ ਅਪਣੇ ਹੀ ਕੁੰਬੇ ਹਨੇਰ ਦੇ ਪਾਲਕ;
ਖ਼ਿਆਲ-ਦੀਪ 'ਚ ਇਹ ਕਾਫ਼ਲਾ ਨ ਜਾਏਗਾ,
ਵਿਸ਼ਾਲ ਸਾਂਝ ਦਾ ਜਦ ਤਕ ਨਾ ਨੂਰ ਛਾਏਗਾ।"

Original with:
Language Department Punjab
Digitized by:
Panjab Digital Library

# ਉਰਵਸੀ

ਇਹ ਕੌਣ ਆ ਗਈ ਉਰ ਵਸੀ ਹੌਲੀ ਹੌਲੀ?
ਦਿਨਾਂ ਦੀ ਹੈ ਕੀ ਵਾਪਸੀ ਹੌਲੀ ਹੌਲੀ?
ਕਈ ਲੰਘ ਚੁਕੀਆਂ ਨੇ ਇੰਦ੍ਰ-ਨਰਾਰੀਆਂ,
ਕਈ ਨਾਚ ਅਪਣੇ ਵਿਖਾ ਗਈਆਂ ਪਰੀਆਂ।
ਇਹ ਕਿਸ ਜਾਦੂਗਰਨੀ ਦੀ ਰਿਸ਼ਮੀ ਸਵਾਰੀ
ਲਈ ਆ ਰਹੀ ਹੈ ਖ਼ੁਸ਼ੀ ਮੇਰੀ ਸਾਰੀ?
ਇਹ ਬਿਜਲੀ ਚਮਕਦੀ ਏ ਪਰ ਹੌਲੀ ਹੌਲੀ,
ਮੇਰੇ ਖੁਲ੍ਹ ਚਲੇ ਨੇ ਦਰ ਹੌਲੀ ਹੌਲੀ!
ਪਹੁੰਚਦੀ ਏ ਅਪਣੀ ਖ਼ਬਰ ਹੌਲੀ ਹੌਲੀ,
ਪਵੇ ਅਸਲੀਅਤ ਦੀ ਕਦਰ ਹੌਲੀ ਹੌਲੀ।



*Original with:*
Language Department Punjab
*Digitized by:*
Panjab Digital Library

ਕਈ ਵਾਰ ਤੱਕਿਆ ਸੀ ਉਜਲਾ ਜ਼ਮਾਨਾ,
ਨਾ ਭਰਿਆ ਸੀ ਇਸ ਨੇ ਨਜ਼ਰ ਦਾ ਖ਼ਜ਼ਾਨਾ।
ਕੋਈ ਸਹਿਜੇ ਸਹਿਜੇ ਕੰਵਲ-ਨੈਣ ਵਾਲੀ,
ਮੇਰੀ ਭਰ ਗਈ ਸੁਖ-ਦੁਖਾਂ ਦੀ ਪਿਆਲੀ।
ਵਸਾਉਂਦੀ ਗਈ ਮਿਹਰ-ਮੀਂਹ ਹੌਲੀ ਹੌਲੀ,
ਬਦਲਦੀ ਗਈ ਹਰ ਕਮੀ ਹੌਲੀ ਹੌਲੀ।
ਉਹ ਚੁਕਦੀ ਹੈ ਐਸੇ ਕਦਮ ਹੌਲੀ ਹੌਲੀ,
ਮੇਰਾ ਵਧਦਾ ਜਾਂਦਾ ਹੈ ਦਮ ਹੌਲੀ ਹੌਲੀ।
ਸ਼ਿੰਗਾਰਾਂ ਤੋਂ ਹੈ ਸਾਦਗੀ ਹੌਲੀ ਹੌਲੀ,
ਬਣੇ ਆਦਮੀ, ਆਦਮੀ ਹੌਲੀ ਹੌਲੀ।
ਵਿਗਸਦੀ ਹੈ ਤਦ ਰਾਤ ਦਿਨ ਜ਼ਿੰਦਗਾਨੀ,
ਮਿਲੇ ਜੇ ਜੜ੍ਹਾਂ ਨੂੰ ਮੁਸੀਬਤ ਦਾ ਪਾਣੀ।
ਉਜਾਲਾ ਕਰੇ ਆਤਮਾ ਹੌਲੀ ਹੌਲੀ,
ਜਿਵੇਂ ਦਿਨ ਚੜ੍ਹਾਏ ਸ਼ਮ੍ਹਾ ਹੌਲੀ ਹੌਲੀ।
ਤੇਰਾ ਆਉਣ ਹੋਵੇ ਕਦੀ ਰੋਜ਼ ਰਾਤੀਂ,
ਅਨੋਖੇ ਖ਼ਿਆਲਾਂ ਦੀ, ਹੇ ਜਨਮ ਦਾਤੀ!
ਇਹ ਲਹਿਰਾਂਵਦੇ ਰੇਸ਼ਮੀ ਨਰਮ ਪਰਦੇ,
ਇਸ਼ਾਰੇ ਤੋਂ ਹੀ ਝਿਲਮਿਲਾਂ ਭਸਮ ਕਰ ਦੇ!
ਵਗਾ ਮੇਰੇ ਮੂੰਹ ਚੋਂ ਹਵਾ ਹੌਲੀ ਹੌਲੀ,
ਬਦਲ ਦੇ ਸਮੇਂ ਦਾ ਖ਼ੁਦਾ ਹੌਲੀ ਹੌਲੀ।



*Original with:*
Language Department Punjab
*Digitized by:*
Panjab Digital Library

# ਤੇਰੇ ਲਈ ਹੀ ਨਹੀਂ

ਤੇਰੇ ਲਈ ਹੀ ਨਹੀਂ,
ਖ਼ਿਆਲ, ਸੁਪਨ-ਸਤਾਰੇ, ਨਜ਼ਰ, ਕਲਾਕਾਰੀ;
ਤੇਰੇ ਲਈ ਹੀ ਨਹੀਂ ਇਹ ਬਰਾਦਰੀ ਸਾਰੀ।
ਇਹ ਪੁਸ਼ਪ-ਹਾਰ ਹੈ ਮੇਰਾ ਸਰਵ ਗਲਾਂ ਦੇ ਲਈ,
ਤੇਰੀ ਹੀ ਧੌਣ ਸਜਾਏਗੀ ਕਿਉਂ ਪਲਾਂ ਦੇ ਲਈ?
ਤੇਰੇ ਨਸ਼ੇ ਦੇ ਲਈ ਹੀ ਨਹੀਂ ਮੇਰੀ ਮਦਰਾ,
ਅਨੇਕ ਖ਼ੁਸ਼ਕ ਲਬਾਂ ਦੇ ਲਈ ਹੈ ਇਹ ਦਰਿਆ।
ਕਹੇਗੀ ਹੁਣ ਕੋਈ ਚੰਚਲ ਕਿ ਮੈਂ ਹਾਂ ਹਰ-ਜਾਈ,
ਮੇਰੇ ਪਿਆਰ ਦੀ ਗੋਦੀ ਹੈ ਪਰ ਦਿਲਾਂ ਦੇ ਲਈ,
ਤੇਰੇ ਲਈ ਹੀ ਨਹੀਂ।



*Original with:*
Language Department Punjab
*Digitized by:*
Panjab Digital Library

ਮਹਾਨ ਬਾਗ਼ 'ਚ ਕਿਉਂ ਮੈਂ ਮਰਾਂ ਕਲੀ ਦੇ ਲਈ?
ਤਰਸ ਰਹੇ ਨੇ ਮੇਰੇ ਪੈਰ ਹਰ ਗਲੀ ਦੇ ਲਈ।
ਮੇਰੇ ਜਹਾਨ 'ਚ ਤੇਰਾ ਨਹੀਂ ਖਿਲਾਰਾ ਹੁਣ,
ਮੇਰੇ ਅਕਾਸ਼ ਤੇ ਚਮਕੇਗਾ ਹਰ ਸਤਾਰਾ ਹੁਣ।
ਬਲੇਗਾ ਦੀਵਾ ਮੇਰਾ ਕਿਉਂ ਤੇਰੇ ਦੁਆਰੇ ਤੇ?
ਹਨੇਰ ਜਨਮ ਚੋਂ ਲੰਘਾਂਗਾ ਇਸ ਸਹਾਰੇ ਤੇ।
ਨਹੀਂ ਇਹ ਜ਼ਿੰਦਗੀ ਤੇਰੇ ਕਿਨਾਰਿਆਂ ਦੇ ਲਈ,
ਮੇਰੇ ਕਮਾਲ ਦੀ ਬੇੜੀ ਹੈ ਸਾਰਿਆਂ ਦੇ ਲਈ।
ਤੇਰੇ ਲਈ ਨਹੀਂ ਸਭ ਕੁਝ, ਤੇਰੇ ਲਈ ਹੀ ਨਹੀਂ;
ਇਹ ਠੀਕ ਹੈ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ!



*Original with:*
Language Department Punjab
*Digitized by:*
Panjab Digital Library

# ਅਨੋਖੇ ਗੀਟੇ

ਇਹ ਗੀਟੇ ਅਨੋਖੇ, ਮਨੋਹਰ, ਪਿਆਰੇ;
ਜ਼ਮਾਨੇ ਚੋਂ ਪੈਦਾ, ਜ਼ਮਾਨੇ ਤੋਂ ਨਿਆਰੇ।
ਹਜ਼ਾਰਾਂ ਹੀ ਵਲਦਾਰ ਲੰਘ ਰਸਤਿਆਂ ਤੋਂ,
ਨਵੇਂ ਤੇ ਪੁਰਾਣੇ ਗੁਜ਼ਰ ਤਾਰਿਆਂ ਚੋਂ।
ਕਈ ਰਾਹ 'ਚ ਆਈਆਂ ਉਜਾੜਾਂ ਤੇ ਰੱਖਾਂ,
ਪਹਾੜਾਂ ਦੇ ਵਲ ਫੇਰ ਕਢ ਕਢ ਕੇ ਲੱਖਾਂ,
ਮੈਂ ਇਕ ਜ਼ਿੰਦਗੀ-ਬਖ਼ਸ਼ ਉਪਬਨ 'ਚ ਆਇਆ,
ਖੁਸੀ ਰੂਹ ਨੂੰ ਦੇਂਦਾ ਰਿਹਾ ਉਸ ਦਾ ਸਾਇਆ।



*Original with:*
Language Department Punjab
*Digitized by:*
Panjab Digital Library

ਅਨੋਖੀ ਹਵਾ ਸੀ, ਅਨੋਖਾ ਹੀ ਪਾਣੀ,
ਬਦਲਦੀ ਗਈ ਰਾਤ ਦਿਨ ਜ਼ਿੰਦਗਾਨੀ।
ਅਚਾਨਕ ਤੇਰੀ ਯਾਦ ਇਕ ਦਿਨ ਜੋ ਆਈ,
ਮੈਂ ਬਣਿਆ ਦੀਵਾਨਾ, ਮੈਂ ਹੋਇਆ ਸੁਦਾਈ।
ਮੈਂ ਉਸ ਬਾਗ਼ ਦੀ ਲੈ ਕੇ ਆਇਆ ਨਿਸ਼ਾਨੀ
ਇਹ ਗੀਟੇ, ਨਹੀਂ ਚੰਦ ਵੀ ਜਿਸ ਦੇ ਸਾਨੀ।
ਜਦੋਂ ਇਹ ਮੈਂ ਚੁਕੇ ਤਾਂ ਕੰਬੇ ਸਤਾਰੇ,
ਦਰੱਖਤਾਂ ਨੇ ਹੱਥ ਵਲ ਮੇਰੇ ਹੱਥ ਪਸਾਰੇ।
ਜਦੋਂ ਇਹ ਮੈਂ ਚੁਕੇ ਤਾਂ ਚੰਦ ਤਿਲਮਲਾਇਆ,
ਪਿਆ ਖੋਹਣ ਤਾਈਂ ਪਹਾੜਾਂ ਦਾ ਸਾਇਆ।
ਮੈਂ ਚੁਕੇ ਤਾਂ ਧਰਤੀ ਨੇ ਪਾਈ ਦੁਹਾਈ;
ਮੈਂ ਚੁਕੇ ਤੁਰਤ ਹੋਸ਼ ਇੰਦਰ ਨੂੰ ਆਈ।
ਸਮੇਂ ਨੇ ਭਿਆਨਕ ਕਈ ਜਾਲ ਪਾਏ,
ਮੈਂ ਰਸਤੇ ਦੀ ਹਰ ਅੱਖ ਤੋਂ ਇਹ ਬਚਾਏ।
ਮੈਂ ਆਂਦੇ ਦੁਖਾਂ ਤੋਂ, ਸੁਖਾਂ ਤੋਂ ਬਚਾ ਕੇ,
ਗਿਆ ਖੋਹਣ ਦਾ ਡਰ ਤੇਰੇ ਦਰ ਤੇ ਆ ਕੇ।
ਜ਼ਮਾਨਾ ਕਦੀ ਮੁੱਲ ਪਾਏਗਾ ਆਖ਼ਰ,
ਸਮਾਂ ਉਹ ਵੀ ਆਏਗਾ, ਆਏਗਾ ਆਖ਼ਰ।



*Original with:*
Language Department Punjab
*Digitized by:*
Panjab Digital Library

# ਬੱਚਾ ਤੇ ਚੰਦ

[ਸੌਨਿਟ]

ਵਧਾਈ ਜਾਂਦਾ ਏ ਬਾਹਵਾਂ ਅਲੋਕ ਚੰਦ ਲਈ,
ਖ਼ੁਸ਼ੀ 'ਚ ਗੋਦ ਸਵਰਗੀ ਚੋਂ ਦੌੜਦਾ ਜਾਏ,
ਪਿਆਰ-ਜਾਲ ਨੂੰ ਮਾਤਾ ਦੇ ਤੋੜਦਾ ਜਾਏ,
ਖ਼ਬਰ ਨਹੀਂ ਇਹ ਤਰਸਦਾ ਹੈ ਕਿਸ ਅਨੰਦ ਲਈ!
ਮਹਾਨ-ਵਾਟ-ਦੁਰੇਡੀ ਦਾ ਗ਼ਮ ਨਹੀਂ ਇਸ ਨੂੰ,
ਸ਼ਕਲ ਤੋਂ ਰੋਸ਼ਨੀ ਵਾਲੇ ਨੂੰ ਜਾਣਦਾ ਵੀ ਨਹੀਂ।
ਮਿਲਾਪ ਨੂਰ ਲਈ ਹੈ ਤੜਪ ਰਿਹਾ ਤਾਂ ਵੀ,
ਅਸਲ ਦੀ ਜ਼ਾਤ 'ਚ ਕੋਈ ਭਰਮ ਨਹੀਂ ਇਸ ਨੂੰ।

ਤੜਪ ਰਿਹਾ ਹਾਂ, ਮੇਰੇ ਚੰਦ ਮੈਂ ਵੀ ਉਮਰਾਂ ਤੋਂ,
ਤੇਰੇ ਦੀਦਾਰ ਨੂੰ ਰੋਂਦੀ ਹੈ ਰਾਤ ਜੀਵਨ ਦੀ!
ਕਦੀ ਤਾਂ ਮੇਟ ਦੇ ਕਾਲਖ ਨਸੀਬ-ਉਪਬਨ ਦੀ,
ਰਹੇਂਗਾ, ਹਾਏ! ਕਦੋਂ ਤਕ ਅਲੋਪ ਨਜ਼ਰਾਂ ਤੋਂ!
ਵਿਲਕਦਾ ਹੀ ਰਹੇ ਬਾਲਕ, ਯੁਗਾਂ ਦੇ ਮੋਦੀ, ਕਿਉਂ?
ਮੇਰੇ ਲਈ ਨਹੀਂ ਤੇਰੀ ਵਿਸ਼ਾਲ ਗੋਦੀ ਕਿਉਂ?

*Original with:*
Language Department Punjab
*Digitized by:*
Panjab Digital Library

# ਰਥ

[ਸੌਨਿਟ]

ਅਸੀਂ ਜੋ ਦੌੜ ਕੇ ਆਏ ਹਾਂ ਇਸ ਤਰ੍ਹਾਂ ਰਾਤੀ,
ਜ਼ਮੀਨ ਫੜ ਨਾ ਲਵੇ ਸਾਡਾ ਰਥ ਕਿਤੇ, ਰਾਣੀ?
ਗੁਆਚ ਜਾਏ ਨਾ ਜੀਵਨ ਦਾ ਪਥ ਕਿਤੇ, ਰਾਣੀ?
ਮਿਲੇਗੀ ਕਿਸ ਤਰ੍ਹਾਂ ਆਸ਼ਾ ਕਰਮ-ਜਨਮਦਾਤੀ?
ਇਹ ਜਾਚ-ਰਥ ਕਿਤੇ ਆਸ਼ਾ ਅਤੇ ਨਿਰਾਸ਼ਾ ਨੂੰ
ਨਾ ਛਡ ਜਾਏ ਸਮੇਂ ਦੇ ਫ਼ਰੇਬ-ਜੰਗਲ ਵਿਚ?
ਗ਼ਰਕ ਨਾ ਜਾਏ ਕਿਤੇ ਭਾਗ ਰਾਹ ਦੀ ਦਲਦਲ ਵਿਚ,
ਮੈਂ ਰੋਕ ਕਿਉਂ ਨਾ ਲਵਾਂ ਚਾਲ ਬੇਤਹਾਸ਼ਾ ਨੂੰ?

ਨਾ ਰੋਕ, ਰੋਕ ਨਾ, ਮੋੜਨ ਦੇ ਰਥ ਪਿਛਾਂਹ, ਰਾਣੀ।
ਮੈਂ ਹੁਣ ਨਾ ਜਾਵਾਂਗਾ ਤੇਰੀ ਖ਼ੁਸ਼ੀ ਦੇ ਸ਼ਹਿਰ ਅੰਦਰ;
ਮੈਂ ਫੇਰ ਜਾਵਾਂਗਾ ਅਪਣੇ ਦੁਖਾਂ ਦੇ ਕਹਿਰ ਅੰਦਰ;
ਆਪੱਤੀਆਂ ਤੋਂ ਹੀ ਦੌੜਾਂਗਾ ਕਿਉਂ ਅਗਾਂਹ, ਰਾਣੀ?
ਮਹਾਨ ਪਾਪ ਕਿ ਬਦਲਾਂ ਨਿਸ਼ਾਨਿਆਂ ਨੂੰ ਮੈਂ;
ਅਬਾਦ ਤੇਰੇ ਕਰਾਂ ਬੰਦੀਖ਼ਾਨਿਆਂ ਨੂੰ ਮੈਂ।



*Original with:*
Language Department Punjab
*Digitized by:*
Panjab Digital Library

# ਕਿਰਨ-ਗੀਤ

ਸਾਜਨ, ਤੂੰ ਹੈਂ ਸਰਵ-ਅਨੰਦ !

ਸਾਗਰ-ਨੈਣ ਛਲਕਦੀ ਮਸਤੀ,
ਅੰਦਰ-ਬਾਹਰ, ਬਲੰਦੀ-ਪਸਤੀ,
ਨੀਲੀ ਗੋਦ ਸਹੰਸਰ ਤਾਰੇ,
ਹਿਰਦਾ-ਦੀਪ ਅਗੰਮ ਨਜ਼ਾਰੇ,
ਜਤਾ-ਜਣਨੀ ਜਿੰਦ ਹਰਕਤ-ਨਾਰੀ,
ਰੂਪ-ਨਗਰ ਦੀ ਕਾਇਆ ਸਾਰੀ,
ਤੇਰੀ ਇਕ ਅਲੋਪ ਨਜ਼ਮ ਦਾ
ਇਹ ਹਨ ਪਹਿਲਾ ਬੰਦ--
ਸਾਜਨ, ਤੂੰ ਹੈਂ ਸਰਵ-ਅਨੰਦ !

*Original with:*
Language Department Punjab
*Digitized by:*
Panjab Digital Library

ਰੌਸ਼ਨ ਜਾਪੇ ਆਉਣ ਵਾਲਾ,
ਸ਼ਾਇਦ ਉਹ ਨਿਕਲੇ ਅੱਤ ਕ੍ਹਾਲਾ,
ਕੀ ਜਾਣੇ ਦੁਨੀਆ ਦੀਵਾਨੀ
ਜੋ ਹੈ ਅਪਣੇ ਤੋਂ ਬੇਗਾਨੀ?
ਅੱਤ-ਨਰਕ, ਸ਼ੀਸ਼ੇ ਦੀ ਜੱਨਤ,
ਮੇਰੇ ਨਹੀਂ ਪਸੰਦ--
ਸਾਜਨ, ਤੂੰ ਹੈਂ ਸਰਵ-ਅਨੰਦ!

ਇਕ ਰਿਸ਼ਮ ਹੈ ਸਭ ਕੁਝ ਤੇਰੀ
ਨਭ-ਹਿਰਦੇ ਦੇ ਚੰਦ!
ਇਕ ਕਿਰਨ ਗੀਤਾਂ ਵਿਚ ਮੇਰੇ
ਕਰ ਦੇ ਆਪਣੀ ਬੰਦ!
ਸਾਜਨ, ਤੂੰ ਹੈਂ ਸਰਵ-ਅਨੰਦ!

*Original with:*
Language Department Punjab
*Digitized by:*
Panjab Digital Library

# ਬੇਨਾਮ ਫੁੱਲ

ਬਹਾਰ ਕੀ ਮੇਰਾ ਜੀਵਨ ਹੈਰਾਨੀਆਂ ਦੇ ਲਈ ?
ਕੋਈ ਤਾਂ ਜਾਣਦਾ ਮੈਨੂੰ ਕਹਾਣੀਆਂ ਦੇ ਲਈ !
ਕਿਸੇ ਦੀ ਸੁਹਲ ਨਸ਼ੀਲੀ ਨਜ਼ਰ ਕਦੇ ਨਾ ਪਈ,
ਕੋਈ ਅਵਾਜ਼ ਜੇ ਆਈ ਉਦਾਸ ਕਰ ਕੇ ਗਈ ।
ਹਮੈਤ ਦੇ ਲਈ ਸੂਰਜ ਦੀ ਇਕ ਕਿਰਨ ਵੀ ਨਹੀਂ,
ਪਿਆਰ ਦੇਣ ਲਈ ਉਜਲਾ ਤਾਰਾ-ਗਣ ਵੀ ਨਹੀਂ ।
ਕਿਸੇ ਦੀ ਮਧੁਰ ਹਵਾ ਨੇ ਕਦੀ ਖਿੜਾਇਆ ਨਾ,
ਮੇਰੀ ਕਲੀ ਨੇ ਕਦੀ ਸੁਪਨ ਵਿਚ ਬੁਲਾਇਆ ਨਾ ।
ਹਜ਼ਾਰ ਕਾਫ਼ਲੇ ਕੋਲੋਂ ਨਿਕਲ ਗਏ ਆਖ਼ਰ,
ਕਿਸੇ ਵੀ ਸੰਗ 'ਚ ਅਪਣੇ ਨਹੀਂ ਮਿਲਾਇਆ ਪਰ।



*Original with:*
Language Department Punjab
*Digitized by:*
Panjab Digital Library

ਨਜ਼ਰ ਨੂੰ ਸ਼ਕਲ ਤੋਂ ਮੇਰੀ ਰਹੀ ਹੈ ਨਫ਼ਰਤ ਹੀ,
ਅਲੋਕ ਆਤਮਾ ਤਕ ਪਰ ਕਿਸੇ ਨੇ ਜਾਣਾ ਕੀ ?
ਕਿਸੇ ਉਮੀਦ 'ਚ ਇਸ ਦਿਲ ਨੇ ਸੁਪਨ ਵੀ ਗਾਏ,
ਮੇਰੀ ਕਲੀ ਦੇ ਪਰ ਉਹ ਦੇਸ ਤਕ ਨਹੀਂ ਪਹੁੰਚੇ ।
ਸੁਗੰਧ-ਸੋਜ਼ 'ਚ ਉਸ ਨੂੰ ਸਦਾ ਬੁਲਾਇਆ ਵੀ,
ਪੁਕਾਰ ਸੁਣ ਕੇ ਮੇਰੀ, ਹਾਏ ! ਕੋਈ ਆਇਆ ਵੀ ?
ਬਹਾਰ ਉਸ ਤੇ ਹੈ ਪਰ ਮੈਂ ਮੁਸੀਬਤਾਂ ਦੇ ਲਈ,
ਤੜਪ ਰਿਹਾ ਹਾਂ ਖ਼ਿਜ਼ਾਂ ਹੁਣ ਤੇਰੇ ਪਰਾਂ ਦੇ ਲਈ।
ਆ ਇਸ ਬਹਿਸ਼ਤ ਚੋਂ ਮੈਨੂੰ ਉਡਾ ਕੇ ਲੈ ਜਾ ਤੂੰ,
ਬੇਨਾਮ ਜਾਵਾਂ ਕਿਸੇ ਨਾਮ ਬਿਨ ਜਜ਼ੀਰੇ ਨੂੰ।

*Original with:*
Language Department Punjab
*Digitized by:*
Panjab Digital Library

# ਉਸ ਦੇ ਮਹਿਲ ਦੀ ਸਿਰਕੀ

ਕਦੇ ਕਦੇ ਸਿਰਕੀ ਹਿਲ ਜਾਏ !

ਡੂੰਘੀਆਂ ਸ਼ਾਮਾਂ, ਬਾਰਸ਼ ਵਰ੍ਹਦੀ ;
ਰੁਤ ਸ਼ਰਾਬੀ, ਤੀਖਣ ਸਰਦੀ।
ਕੜਕਣ ਜਦ ਅੰਬਰ ਦੀਆਂ ਡਾਟਾਂ,
ਭੁਲ ਜਾਵਣ ਅੰਦਰ ਦੀਆਂ ਵਾਟਾਂ।
ਆਸ-ਪੁਨਰ ਦੇ ਦੇਸ ਸੁਨਹਿਰੀ
ਖਾ ਜਾਵਣ ਸੀਨੇ ਦੀਆਂ ਲਾਟਾਂ !
ਯਾਦ-ਸਰਾਂ ਦੀ ਕਾਇਆ ਧੜਕੇ,
ਲੂੰ ਲੂੰ ਤੇ ਇਕ ਬਿਜਲੀ ਕੜਕੇ।

*Original with:*
Language Department Punjab
*Digitized by:*
Panjab Digital Library

ਖ਼ਬਰ ਨਹੀਂ ਪਰ ਕਿਸ ਦਰਗਾਹ ਚੋਂ
ਮੰਜ਼ਲ-ਸ਼ੌਕ-ਹਵਾ ਆ ਜਾਏ ?
ਮਹਿਲ ਤੇਰੇ ਦੀ ਧੁੰਦ ਗਵਾਏ !
ਨਾਜ਼ਕ ਕਰ ਕੋਈ ਧੁਰ ਅੰਦਰ ਚੋਂ
ਸਿਰਕੀ ਨੂੰ ਉਲਟਾਣਾ ਚਾਹੇ
ਪਰ ਕੋਈ ਰੋਸ਼ਨ ਨੈਣਾਂ ਵਾਲੀ,
ਮੋੜ ਦਏ ਪਿਛੇ ਹੱਥ ਖ਼ਾਲੀ।
ਰੋਕ ਕਿਸੇ ਦੀ, ਵਧਣ ਕਿਸੇ ਦਾ;
ਸ਼ੱਕ ਕਿਸੇ ਦਾ, ਰੁਦਨ ਕਿਸੇ ਦਾ;
ਕਸ਼ਮਕਸ਼ੀ ਵਿਚ ਪਰ ਕੋਸ਼ਿਸ਼ ਨੂੰ
ਕਦੀ ਕਦੀ ਰਸਤਾ ਮਿਲ ਜਾਏ--
　　ਕਦੇ ਕਦੇ ਸਿਰਕੀ ਹਿਲ ਜਾਏ--
　　ਸਿਰਕੀ, ਉਸ ਦੇ ਮਹਿਲ ਦੀ ਸਿਰਕੀ।

ਖ਼ਬਰ ਨਹੀਂ ਕਿਸ ਚੰਦ-ਸਤਹ ਵਲ,
ਕੀ ਜਾਣਾ ਕਿਸ ਬੰਦਰਗਾਹ ਵਲ,
ਮੇਰੀ ਜੀਵਨ-ਬੇੜੀ ਠੇਲ੍ਹੇ,
ਡੂੰਘੀ ਸ਼ਾਮ ਭਿਆਨਕ ਵੇਲੇ ?
ਖ਼ਬਰੇ ਕੀ ਕੀ ਰੰਗ ਵਿਖਾਏ
　　ਜਦ ਉਸ ਦੀ ਸਿਰਕੀ ਹਿਲ ਜਾਏ !
　　ਸਿਰਕੀ, ਉਸ ਦੇ ਮਹਿਲ ਦੀ ਸਿਰਕੀ।

*Original with:*
Language Department Punjab
*Digitized by:*
Panjab Digital Library

# ਦੂਰ ਨਹੀਂ

ਦੂਰ ਨਹੀਂ ਕੁਝ ਪਿਆਰੇ !

ਦੂਰ ਦੂਰ ਦੇ ਹੋਕੇ ਦੇਂਦੇ
ਮੰਜ਼ਲਾਂ ਮਾਰ ਕੇ ਹਾਰੇ--
ਦੂਰ ਨਹੀਂ ਕੁਝ ਪਿਆਰੇ !

ਕੁਟੀਆ ਦੀ ਕਾਲਖ ਵਿਚ ਲੁਕਿਆ
ਰਾਤ ਦਿਨਾਂ ਦੀਆਂ ਖੋਜਾਂ ਵਾਲਾ ;
ਪੁਤਲੀ ਦੀ ਸ਼ਾਹੀ ਦੇ ਉਹਲੇ
ਵਸ ਰਹੇ ਚੰਦ-ਤਾਰੇ--
ਦੂਰ ਨਹੀਂ ਕੁਝ ਪਿਆਰੇ !

*Original with:*
Language Department Punjab
*Digitized by:*
Panjab Digital Library

ਦੂਰ ਬਨਾਂ ਵਿਚ ਫਿਰ ਫਿਰ ਆਏ
ਅਕਲਾਂ ਦੇ ਵਣਜਾਰੇ।
ਕੋਈ ਪਰਬਤ ਦੀ ਟੀਸੀ ਤੋਂ
ਅੰਬਰ ਵਲ ਪੁਕਾਰੇ।
ਅਰਸ਼ ਤੇ ਤਾਰੇ ਚਿਤ੍ਰਨ ਵਾਲੀ,
ਕੋਲ ਹੀ ਸਾਡੇ, ਫੁੱਲ ਪੱਤੀਆਂ ਚੋਂ
ਆਪਣੇ ਨਕਸ਼ ਉਭਾਰੇ--
ਦੂਰ ਨਹੀਂ ਕੁਝ ਪਿਆਰੇ!

ਨਾ ਕੋਈ ਉਸ ਦੇ ਪੰਧ ਅਵੱਲੇ,
ਨਾ ਕੋਈ ਬੰਦ ਦੁਆਰੇ।
ਜੋ ਗੰਗਾ ਦੀਆਂ ਲਹਿਰਾਂ ਅੰਦਰ,
ਉਹ ਹੈ ਖ਼ੂਨ ਕਿਨਾਰੇ,
ਆਪਣੇ ਖ਼ੂਨ ਕਿਨਾਰੇ--
ਦੂਰ ਨਹੀਂ ਕੁਝ ਪਿਆਰੇ!



*Original with:*
Language Department Punjab
*Digitized by:*
Panjab Digital Library

# ਪਰਦੇਸਣ ਕ੍ਰਿਸ਼ਨਾ ਨੂੰ

ਉਸ ਉਪਬਨ ਵਿਚ ਕਦਰ ਨਾ ਤੇਰੀ,
ਜੋਤੀ ਮੇਰੀ !
ਉਸ ਉਪਬਨ, ਉਸ ਮਾਰੂ ਥਲ ਵਿਚ,
ਉਸ ਜੰਗਲ ਵਿਚ,
ਕੌਣ ਪਛਾਣੇ ਤੈਨੂੰ, ਹਿਰਦੇ-ਸਿੱਪ ਦੇ ਮੋਤੀ,
ਕਵਿਤਾ-ਜੋਤੀ !

ਰਾਸ ਨਾ ਤੈਨੂੰ ਉਸ ਨਗਰੀ ਦਾ ਦਾਣਾ ਪਾਣੀ,
ਹੇ ਮੇਰੀ ਰਾਣੀ !
ਕੀ ਉਹ ਸਾਇਆ ਜੋ ਖਾ ਜਾਏ ਹੁਸਨ-ਜੁਆਨੀ ?
ਬੇਕਦਰੀ ਵਿਚ ਮੌਤ ਹੈ, ਪਿਆਰੀ, ਉਮਰ ਬਿਤਾਣੀ।
ਬੇਕਦਰੀ ਹੈ ਦਿਨ-ਜੋਬਨ ਵਿਚ ਰਾਤ ਹਨੇਰੀ,
ਜੋਤੀ ਮੇਰੀ !
ਮੈਂ ਦੇਖੇ ਬਚਪਨ ਦੇ ਤੇਰੇ ਨੂਰ-ਸਵੇਰੇ,
ਦੀਪਕ ਮੇਰੇ !
ਮੈਂ ਦੇਖੀ ਹੈ ਮੋਰਾਂ-ਰੰਗੀ ਉਠਦੀ ਜੁਆਨੀ,
ਹੇ ਮੇਰੀ ਰਾਣੀ, ਰਾਧਾ ਰਾਣੀ !
ਮੈਂ ਦੇਖੇ ਹਨ ਨੈਣ ਇਲਾਹੀ, ਮਸਤ ਖ਼ੁਦਾਈ,
ਬਣ ਕੇ ਸੁਦਾਈ।

*Original with:*
Language Department Punjab
*Digitized by:*
Panjab Digital Library

ਮੈਂ ਪੀ ਪੀ ਕੇ ਨੂਰ ਦਾ ਜੋਬਨ,
ਬਦਲਿਆ ਜੀਵਨ।
ਉਸ ਪਰਦੇਸ 'ਚ ਤੈਨੂੰ ਰਾਣੀ ਕੌਣ ਪਛਾਣੇ,
ਕੀ ਕੋਈ ਜਾਣੇ?
ਆ ਜਾ ਅਪਣੇ ਕਦਰ-ਨਗਰ ਵਿਚ,
ਅਪਣੇ ਘਰ ਵਿਚ।
ਕਲਮ ਨੂੰ ਤੇਰੀ ਲੋੜ ਬਤੇਰੀ,
ਜੋਤੀ ਮੇਰੀ!

ਲੰਘ ਚੁਕੇ ਦੁਖ-ਸੁਖ ਦੇ ਪਾਣੀ, ਰੂਹਾਂ ਥਾਣੀ,
ਹੇ ਮੇਰੀ ਬਾਣੀ!
ਚਲ ਚੁਕੇ ਸਮਿਆਂ ਦੇ ਚੱਕਰ,
ਹੁਣ ਕਿਸ ਦਾ ਡਰ?
ਚੌਮ-ਖ਼ੁਸ਼ੀਆਂ ਨੂੰ ਫੂਕ ਮੁਕਾਇਆ,
ਪਿਆਰ ਨੇ ਆਖ਼ਰ;
ਹੁਣ ਕਿਸ ਦਾ ਡਰ?
ਜਦ ਕਿ ਸਮਾਜਾਂ ਦੇ ਨਰਕਾਂ ਨੇ ਦਿਲ ਨੂੰ ਮਿਟਾਇਆ
ਰੂਹ ਨੂੰ ਦਬਾਇਆ,
ਫੇਰ ਕੀ ਫੰਦਾ ਗਲ ਵਿਚ ਪਾਇਆ?
ਤੋੜ ਕੇ ਫੰਦਾ ਆ ਜੀਵਨ ਦੀ ਰਾਸ ਰਚਾਈਏ;
ਆ, ਅਰਸ਼ਾਂ ਦੀ ਹਰ ਇਕ ਬਰਕਤ ਫੇਰ ਬੁਲਾਈਏ;



*Original with:*
Language Department Punjab
*Digitized by:*
Panjab Digital Library

ਆ, ਅਪਣੇ ਪੱਤਣ ਵਲ ਜੀਵਨ-ਨੂਰ ਦੀ ਬੇੜੀ,
ਗੱਲ ਹੈ ਕਿਹੜੀ?
ਆ ਜਾ ਹਰਦਮ ਨਜ਼ਰ ਮੇਰੀ ਨੂੰ ਕਦਰ ਹੈ ਤੇਰੀ,
ਜੋਤੀ ਮੇਰੀ!

ਜਦ ਤਕ ਰਹਿਣਗੇ ਚੰਦ-ਸਿਤਾਰੇ,
ਬਿਜਲੀਆਂ, ਪਾਰੇ,
ਸੁਣਦੇ ਰਹਿਣਗੇ ਗੀਤ ਕਵੀ ਦੇ
ਸਰਵ-ਖਿਲਾਰੇ।
ਤੇਰੀ ਬੇਕਦਰੀ ਨੇ ਮੈਨੂੰ ਕਦਰ ਸਿਖਾਈ,
ਕਦਰ ਕਰਾਂ ਮੈਂ ਲੋਚ ਰਹੀ ਹੈ ਸਾਰੀ ਖ਼ੁਦਾਈ।
ਤੇਰੇ ਮੂੰਹ ਫੇਰਨ ਨੇ ਮੇਰੀ ਅੱਖ ਉਘੇੜੀ,
ਖੁਲ੍ਹੀ ਅੱਖ ਤਾਂ ਸੁੰਦਰ ਜਾਪੀ ਹਰ ਇਕ ਬੇੜੀ
ਜੋ ਬ੍ਰਹਿਮੰਡ-ਸਾਗਰ ਵਿਚ ਜਾਏ ਡੁਬਦੀ ਤਰਦੀ,
ਸੁੰਦਰ ਜਾਪੀ ਕਿਸਮਤ ਹਰ ਦੀ।
ਤੇਰੇ ਨ਼ਫਰਤ ਕਰਨ ਨੇ ਦਿਲ ਵਿਚ ਪਿਆਰ ਜਗਾਇਆ,
ਹੇ ਕੋਈ ਮਾਇਆ!
ਵੱਜਦਾ ਹੈ ਇਕ ਤੀਰ ਸੁਣਾਂ ਜਦ ਕਦਰ ਨਾ ਤੇਰੀ,
ਜੋਤੀ ਮੇਰੀ!
ਆ ਤੈਨੂੰ ਨੈਣਾਂ ਦੇ ਕੂਲੇ ਤਖ਼ਤ ਬਿਠਾਵਾਂ,
ਧੁਰ ਦਰਗਾਹਵਾਂ ਤੋੜ ਲਿਆਵਾਂ।

*Original with:*
Language Department Punjab
*Digitized by:*
Panjab Digital Library

ਆ, ਅਪਣੇ ਨੂਰੀ ਅੰਗਾਂ ਦੀ ਪੀਂਘ ਝੁਟਾਵਾਂ
ਆ, ਤੈਨੂੰ ਤਾਜਾਂ ਤੇ ਤੋਰਾਂ, ਗੀਤ ਲੁਟਾਵਾਂ।
ਅਪਣੀ ਜੁਆਨੀ, ਆ, ਤੇਰੇ ਪੈਰਾਂ 'ਚ ਵਿਛਾਵਾਂ,
ਖ਼ੂਨ ਗਰਮ ਦੇ ਦੀਪ ਜਗਾਵਾਂ;
ਆ, ਮੈਂ ਤੇਰੇ ਭਰਮ ਗਵਾਵਾਂ।
ਪਿੰਜਰ ਦੀ ਵੀਣਾ ਤੇ ਗਾਵਾਂ ਕਦਰ ਮੈਂ ਤੇਰੀ,
ਰਾਧਾ ਮੇਰੀ!

ਬੇਕਦਰੇ ਪਰਦੇਸ ਚੋਂ ਆ ਜਾ,
ਮੇਰੇ ਅਪਣੇ ਦੇਸ 'ਚ ਆ ਜਾ!

*Original with:*
Language Department Punjab
*Digitized by:*
Panjab Digital Library

# ਨਵੇਂ ਗੀਤ

ਕਿਸ ਬਿਪਤਾ ਵਿਚ ਗੀਤ ਉਚਾਰੇ ਨਵੇਂ ਨਵੇਂ ?
ਕਵਿਤਾ-ਅਰਸ਼ ਤੇ ਚੜ੍ਹੇ ਸਤਾਰੇ ਨਵੇਂ ਨਵੇਂ।
ਕਿਸ ਬਿਪਤਾ ਵਿਚ ਰੰਗ ਦਿਖਾਏ ਨਵੇਂ ਨਵੇਂ ?
ਇਸ ਜੰਗਲ ਵਿਚ ਫੁਲ ਖਿੜਾਏ ਨਵੇਂ ਨਵੇਂ।
ਜਗਤ-ਬਹਾਰ ਤੋਂ ਮੋੜ ਮੁਹਾਰਾਂ ਅੰਦਰ ਨੂੰ,
ਠੁਕਰਾ ਕੇ ਸਭ੍ਯਤਾ ਦੇ ਸੋਹਣੇ ਮੰਦਰ ਨੂੰ।
ਫਾਕੇ ਦੀ ਅਗਨੀ ਵਿਚ ਜੀਵਨ ਪਰਖ ਪਰਖ,
ਰੂਹ ਦੀ ਜਾਚ ਵਿਸ਼ਾਲ ਤੇ ਚਾਨਣ ਪਰਖ ਪਰਖ।
ਸੱਚ, ਸੁੰਦਰਤਾ, ਸ਼ਿਵ ਦੇ ਨੂਰ-ਸਹਾਰੇ ਤੇ,
ਛਿਣਕੇ ਗੀਤ ਪਿਆਰੇ ਖ਼ਾਕ-ਖਿਲਾਰੇ ਤੇ।
ਦੱਸਣ ਗ਼ਮ-ਸਾਗਰ ਚੋਂ ਕਿਨਾਰੇ ਨਵੇਂ ਨਵੇਂ,
ਜੋ ਬਿਪਤਾ ਵਿਚ ਗੀਤ ਉਚਾਰੇ ਨਵੇਂ ਨਵੇਂ।
ਮਦੁਰਾ ਅੱਤ ਪੁਰਾਣੀ, ਸਾਗ਼ਰ ਨਵੇਂ ਨਵੇਂ ;
ਰੂਹ ਜੋਤੀ ਪਹਿਲੀ ਹੀ ਪਰ ਘਰ ਨਵੇਂ ਨਵੇਂ।
ਜੋਤ ਪੁਰਾਣੀ ਨਵੇਂ ਹਨੇਰੇ ਦੂਰ ਕਰੇ,
ਅੱਤ ਭਿਆਨਕ ਅੰਦਰ ਨੂਰੋ ਨੂਰ ਕਰੇ।
ਆਤਮ-ਬਲ ਤੋਂ ਨਵਾਂ ਜ਼ਮਾਨਾ ਬਣੇ ਕਦੀ,
ਧਰਮ ਹੀ ਮਾਨਵਤਾ ਨੂੰ ਸ਼ਾਇਦ ਜਣੇ ਕਦੀ।

*Original with:*
Language Department Punjab
*Digitized by:*
Panjab Digital Library

ਜਦ ਤਕ ਇਸ ਪੂਰਬ ਚੋਂ ਸੂਰਜ ਚੜ੍ਹੇ ਚੜ੍ਹੇ,
ਜਦ ਤਕ ਰਹਿਣਗੇ ਥੰਮ ਹਿਮਾਲਾ ਖੜੇ ਖੜੇ,
ਆਤਮ-ਨੂਰ ਦਿਆਂਗੇ ਜਗ ਨੂੰ ਬਚਣ ਲਈ,
ਹਰ ਬਿਪਤਾ ਵਿਚ ਗੀਤ ਰਚਾਂਗੇ ਅਮਨ ਲਈ।
ਹੌਲੀ ਹੌਲੀ ਸੁੰਦਰ ਸਭਿੱਤਾ ਫਲੇ ਕਦੀ,
ਜੜ੍ਹ ਵਿਗਿਆਨ 'ਚ ਚੇਤਨ ਗਿਆਨ ਜੇ ਰਲੇ ਕਦੀ।
ਹਰ ਬਿਪਤਾ ਵਿਚ ਗਾਵਾਂ ਨਗ਼ਮੇ ਨਵੇਂ ਨਵੇਂ,
ਦਿਲ-ਖੇਤਾਂ ਵਲ ਭੇਜਾਂ ਚਸ਼ਮੇ ਨਵੇਂ ਨਵੇਂ।
ਦੂਰ ਦੂਰ ਦੇਸਾਂ ਵਲ ਛੇੜੀ ਰਾਗ ਲਈ,
ਗਾਉਂਦਾ ਗਾਉਂਦਾ ਜਾਵਾਂ ਰੂਹ ਦੀ ਜਾਗ ਲਈ।
ਗੀਤ ਮੇਰੇ ਹਨ ਧਰਤੀ ਦੇ ਕਲਿਆਣ ਲਈ।
ਮਾਨਵਤਾ ਦੀ ਮਰਦੀ ਜਾਂਦੀ ਜਾਨ ਲਈ।
ਆਤਮ-ਗੀਤ ਮੈਂ ਤਦੇ ਉਚਾਰੇ ਨਵੇਂ ਨਵੇਂ,
ਰਾਹ-ਮੰਜ਼ਲ ਵਿਚ ਚਮਕੇ ਤਾਰੇ ਨਵੇਂ ਨਵੇਂ।



*Original with:*
Language Department Punjab
*Digitized by:*
Panjab Digital Library

# ਦੀਵਾ

ਇਕ ਰੋਸ਼ਨੀ ਖ਼ੁਦਾਈ, ਇਕ ਰੋਸ਼ਨੀ ਤਬਾਹੀ;
ਦੋਹਾਂ ਦੀ ਮਿਲ ਕੇ ਜੋਤੀ ਬੱਤੀ ਮੇਰੀ 'ਚ ਆਈ।
ਮੁੜ ਮੁੜ ਜਗਾ ਰਿਹਾ ਏ, ਮੁੜ ਮੁੜ ਮੈਂ ਬੁਝ ਰਿਹਾ ਹਾਂ;
ਉਹ ਵੀ ਹੈ ਕੁਝ ਸੁਦਾਈ, ਮੈਂ ਵੀ ਹਾਂ ਕੁਝ ਸੁਦਾਈ।
ਜਗਦਾ ਹੀ ਛੱਡ ਮੈਨੂੰ ਉਹ ਤੁਰ ਗਏ ਨੇ ਰਾਤੀ;
ਬਰਬਾਦ ਹੋ ਗਈ ਏ ਨੈਣਾਂ ਦੀ ਬਾਦਸ਼ਾਹੀ !
ਇਕ ਪਲ 'ਚ ਸੱਦ ਲੈਣਾ, ਇਕ ਛਿਨ 'ਚ ਮੋੜ ਦੇਣਾ,
ਇਹ ਅਜੀਬ ਜ਼ਿੰਦਗੀ ਏ ਕਿ ਨਾ ਕੈਦ ਨਾ ਰਿਹਾਈ !
ਅਪਣੇ ਹੀ ਰੌਲਿਆਂ ਵਿਚ ਇਕ ਚੀਜ਼ ਭੁਲ ਗਿਆ ਹਾਂ,
ਇਹ ਵੀ ਖ਼ਬਰ ਨਹੀਂ ਏ ਰਸਤਾ ਹਾਂ ਜਾਂ ਕਿ ਰਾਹੀ !

*Original with:*
Language Department Punjab
*Digitized by:*
Panjab Digital Library

ਸਾਗਰ ਦੁਖਾਂ ਦੇ ਕੰਢੇ ਧਰ ਦੇ ਲਿਜਾ ਕੇ ਮੈਨੂੰ,
ਹੋ ਜਾਏ ਅਤ ਭਿਆਨਕ ਲਹਿਰਾਂ 'ਚ ਰੋਸ਼ਨਾਈ ।
ਕਰ ਆਤਮਾ ਤੇ ਬਾਰਸ਼ ਜੋਤੀ ਦੇ ਤਾਰਿਆਂ ਦੀ,
ਮਦਰਾ ਅਨੰਦ ਵਾਲੇ, ਭਰ ਦੇ ਮੇਰੀ ਸੁਰਾਹੀ ।
ਸਾਗਰ 'ਚ ਮੇਲ ਲੈ ਤੂੰ ਇਸ ਲਾਟ ਦੀ ਨਦੀ ਨੂੰ,
ਇਸ ਲੋ-ਕਲੀ ਦੀ ਰਾਖੀ ਕਦ ਤਕ ਕਰੇ ਜੁਦਾਈ ?
ਜਗਿਆ ਹਾਂ ਮਹਿਫ਼ਲਾਂ ਵਿਚ, ਬਲਿਆ ਹਾਂ ਰਸਤਿਆਂ ਤੇ
ਰਾਹ ਵਿਚ ਮੇਰੇ ਕਿਸੇ ਨੇ ਜੋਤੀ ਨਹੀਂ ਜਗਾਈ !
ਦਿਲ ਤੜਪਦਾ ਹੈ ਉਸ ਨੂੰ, ਦਿਲ ਲੋਚਦਾ ਹੈ ਉਸ ਨੂੰ,
ਐਸੀ ਹਵਾ ਕਿ ਹੁਣ ਤਕ ਜੋ ਤੂੰ ਨਹੀਂ ਵਗਾਈ ।

*Original with:*
Language Department Punjab
*Digitized by:*
Panjab Digital Library

# ਬਾਰ੍ਹਾਂ ਸਾਲ

ਗੁਜ਼ਰ ਗਏ ਹਨ ਸਾਲ, ਬਾਰ੍ਹਾਂ ਸਾਲ !

ਪਿਆਰ ਹਨੇਰੇ ਖ਼ੂਹ ਵਿਚ ਲਟਕੇ
ਕੱਚੀ ਤੰਦ ਦੇ ਨਾਲ,
ਗੁਜ਼ਰ ਗਏ ਹਨ ਸਾਲ, ਬਾਰ੍ਹਾਂ ਸਾਲ !

ਬਾਰ੍ਹਾਂ ਸਾਲ ਤਪੱਸਿਆ ਦਾ ਫਲ,
ਦੋ ਦਿਨ ਰੂਪ ਕਮਾਲ ;
ਅਗਲਾ ਦਿਨ ਅਭਿਮਾਨ ਦਾ ਆਏ,
ਅਪਣਾ ਹੀ ਜੰਜਾਲ ।
ਅਗਲਾ ਪੈਰ ਹੈ ਇਸ ਜੀਵਨ ਤੇ
ਬੇਹਲ ਜਿਹਾ ਸਵਾਲ ;

*Original with:*
Language Department Punjab
*Digitized by:*
Panjab Digital Library

ਕੋਈ ਦਵੇ ਅਵਾਜ਼ ਨਾ ਯੋਗੀ
ਦਰਦ ਚੋਂ ਮੰਜ਼ਲ ਭਾਲ;
ਗੁਜ਼ਰ ਗਏ ਹਨ ਸਾਲ, ਬਾਰ੍ਹਾਂ ਸਾਲ!

ਹੁੰਦਾ ਗਿਆ ਹੈ ਨੂਰ ਕੋਲੋਂ ਦੂਰ,
ਦੂਰੋਂ ਦੂਰ;
ਬਾਰ੍ਹਾਂ ਸਾਲ ਤਪੱਸਿਆ ਦਾ ਫਲ
ਕੀ ਹੈ ਵਿਖਮ ਗ਼ਰੂਰ?
ਚਾਂਦੀ ਦੇ ਦਿਨ, ਹੀਰਕ ਰਾਤਾਂ,
ਰੰਗ-ਮਹਿਲ ਤੇ ਨੂਰ,
ਡੁਬ ਗਈ ਨੈਣਾਂ ਦੀ ਬੇੜੀ
ਲੈ ਕੇ ਸਾਰਾ ਪੂਰ।
ਤੂੰ ਹੀ ਫੇਰ, ਹੇ ਸਾਗਰ-ਸ਼ਕਤੀ,
ਬੇੜੀ-ਪੁਨਰ ਉਛਾਲ––
ਗੁਜ਼ਰ ਗਏ ਹਨ ਸਾਲ, ਬਾਰ੍ਹਾਂ ਸਾਲ!

ਸੁਣੀ ਗਈ ਰੂੜੀ ਦੀ ਕਿਧਰੇ
ਖੇਤੀ ਰੂਪ ਪੁਕਾਰ;
ਹੁਣ ਜਨਮਾਂ ਦੀ ਦਮ-ਸੂਲੀ ਤੋਂ
ਮੇਰਾ ਰੂਪ ਉਤਾਰ!

*Original with:*
Language Department Punjab
*Digitized by:*
Panjab Digital Library

ਤੱਤ-ਨਗਰੀ ਦੀ ਪਤਝੜ ਅੰਦਰ
ਤੋਰ ਨਾ ਫੇਰ ਬਹਾਰ ;
ਕੱਚੀ ਤੰਦ ਤੇ ਕਦ ਤਕ ਲਟਕੇ
ਆਸ਼ਾ-ਮਈ ਪਿਆਰ ?
ਅੰਧ-ਭਾਗ ਮੇਰੇ ਵਿਚ ਕਰ ਦੇ
ਬਦਲੀ ਕੋਈ ਵਿਸ਼ਾਲ,
ਤੁਰਾਂ ਮੈਂ ਰਾਤੀਂ ਚਮਕ-ਨਗਰ ਦੇ
ਕਾਫ਼ਲਿਆਂ ਦੇ ਨਾਲ--
ਕਰ ਦੇ ਫੇਰ ਕਮਾਲ !
ਗੁਜ਼ਰ ਗਏ ਹਨ ਸਾਲ, ਬਾਰ੍ਹਾਂ ਸਾਲ !



*Original with:*
Language Department Punjab
*Digitized by:*
Panjab Digital Library

# ਤੁਸੀਂ ਤੁਸੀਂ ਹੀ ਰਹੇ

ਉਮਰ ਨੇ ਨਾਪਿਆ ਨਾ ਤੇਰਾ ਇਕ ਉਛਾਲਾ ਵੀ;
ਡੁੱਬ ਗਿਆ ਉਜਾਲਾ ਵੀ, ਰੁੜ੍ਹ ਗਿਆ ਪਿਆਲਾ ਵੀ।
ਖ਼ਿਆਲ-ਦੀਪ 'ਚ ਤਾਰੇ ਗ਼ੁਲਾਮ ਹਨ ਤਾਂ ਕੀ?
ਗ਼ੁਲਾਮ ਚੰਦ ਨੇ ਪਰ ਆਤਮਾ ਨਹੀਂ ਰਾਜ਼ੀ।
ਬੜੇ ਅਨੰਦ 'ਚ ਹਨ ਜ਼ਿੰਦਗੀ ਦੀਆਂ ਰਾਤਾਂ,
ਨਜ਼ਰ ਦੀ ਜੋਤ 'ਚ ਹਨ ਆਸ ਰੂਪ ਪਰਭਾਤਾਂ।
ਧੜਕਦੀ ਫੇਰ ਵੀ ਰਹਿੰਦੀ ਏ ਪਰ ਮੇਰੀ ਛਾਤੀ,
ਇਹ ਇੰਤਜ਼ਾਰ ਹੈ ਕਿਸ ਦੀ ਦਮਾਂ ਨੂੰ ਦਿਨ ਰਾਤੀ?
ਮੇਰੀ ਉਡਾਰ ਦੇ ਕੈਦੀ ਗਗਨ, ਅਲੋਕ ਜਹਾਨ;
ਮੇਰੀ ਕਲਪਨਾ 'ਚ ਸਾਗਰ, ਪਹਾੜ, ਉਜਲੇ ਮਦਾਨ।
ਪਰ ਐਸੀ ਚੀਜ਼ ਹੈ ਇਕ ਜਿਸ ਨੂੰ ਤੜਪਦਾ ਹੈ ਦਿਲ,
ਮੇਰੀ ਜ਼ਬਾਨ ਤੋਂ ਉਸ ਦਾ ਬਿਆਨ ਹੈ ਮੁਸ਼ਕਿਲ।
ਕਲਮ ਉਹ ਫਿਰਦੀ ਹੈ ਹੀਰੇ ਦੀ ਮੇਰੇ ਸ਼ੀਸ਼ੇ ਤੇ,
ਗ਼ਰਕਦੀ ਜਾਂਦੀ ਏ ਬੇੜੀ ਮੇਰੀ ਕਿਨਾਰੇ ਤੇ।
ਬਣਾ ਸਕੀ ਨਾ ਮੇਰੀ ਕਾਰ ਇਕ ਉਜਾਲਾ ਵੀ,
ਨਾ ਕੰਮ ਆਈ ਕਿਸੇ ਮੇਰੀ ਕਰਮਸ਼ਾਲਾ ਵੀ।
ਫਰਸ਼ ਦੇ ਜੁਗਨੂੰ ਅਰਸ਼ ਤੇ ਗਏ, ਗਏ ਕੀ ਗਏ?
ਅਸੀਂ ਅਸੀਂ ਹੀ ਰਹੇ ਪਰ ਤੁਸੀਂ ਤੁਸੀਂ ਹੀ ਰਹੇ!

DEPARTMENT OF LANGUAGES LIBRARY 15 PUNJAB, PATIALA

*Original with:*
Language Department Punjab
*Digitized by:*
Panjab Digital Library

# ਬੱਦਲ

ਬੱਦਲ, ਹੌਲੀ ਹੌਲੀ ਚੱਲ।

ਖੇਤ ਖੜੇ ਨੇ ਕਦ ਤੋਂ ਮੇਰੇ
ਰਸਤਾ ਤੇਰਾ ਮੱਲ--
ਬੱਦਲ, ਹੌਲੀ ਹੌਲੀ ਚੱਲ।

ਇਕ ਵਾਰੀ ਤਾਂ ਪਿਆਸ ਬੁਝਾ ਦੇ,
ਮੌਲਣ ਸਭ ਕੁਮਲਾਏ ਬੂਟੇ,
ਜੋ ਚੁਕੀ ਮੂੰਹ ਦੇਖ ਰਹੇ ਨੇ
ਉਮਰ ਤੋਂ ਤੇਰੇ ਵੱਲ--
ਬੱਦਲ, ਹੌਲੀ ਹੌਲੀ ਚੱਲ।

ਇੱਕ ਪਲ ਦਾ ਕੀ ਆਉਣਾ ਜਾਣਾ,
ਜਲ ਥਲ ਕਰ ਜਾ ਖ਼ੁਸ਼ਕ ਜ਼ਮਾਨਾ;
ਯੁਗਾਂ ਯੁਗਾਂ ਤੋਂ ਕਹਿਣੀ ਚਾਹਵਾਂ
ਸੁਣ ਜਾ ਮੇਰੀ ਗੱਲ--
ਬੱਦਲ, ਹੌਲੀ ਹੌਲੀ ਚਲ।

*Original with:*
Language Department Punjab
*Digitized by:*
Panjab Digital Library

# ਯਾਦ-ਗੀਤ

ਮੈਨੂੰ ਜਾਣ, ਨਾ ਚਾਹੇ ਜਾਣ !

ਵੇਖ ਕੇ ਹਰਦਮ ਲੁਛਣਾ ਮੇਰਾ,
ਲੋਕੀ ਕਹਿਣ ਸੁਦਾਈ ਤੇਰਾ ;
ਸੁਣ ਸੁਣ ਗੀਤ ਮੇਰੇ ਨੈਣਾਂ ਦੇ
ਤਾਰੇ ਹੋਣ ਹੈਰਾਨ--
  ਮੈਨੂੰ ਜਾਣ, ਨਾ ਚਾਹੇ ਜਾਣ !

ਯਾਦ ਤੇਰੀ ਦਿਲ ਰਾਗ ਬਣਾਇਆ,
ਪਿੰਜਰ ਦੀ ਵੀਣਾ ਤੇ ਗਾਇਆ ;
ਸ੍ਵਾਸਾਂ ਦੀ ਸੁਰ ਨਾਲ ਬੁਲਾਇਆ,
ਹੇ ਕਲਿਆਣ ! ਨਹੀਂ ਤੂੰ ਆਇਆ ;
ਫੇਰ ਵੀ ਭੁੱਲ ਨਾ ਸਕਾਂ ਤੈਨੂੰ,
ਹੇ ਪ੍ਰਾਣਾਂ ਦੇ ਪ੍ਰਾਣ !
  ਮੈਨੂੰ ਜਾਣ, ਨਾ ਚਾਹੇ ਜਾਣ !

*Original with:*
Language Department Punjab
*Digitized by:*
Panjab Digital Library

# ਤੂੰ ਤੇ ਮੈਂ

ਕਦੀ ਕਦੀ ਮੇਰੇ ਜੀਵਨ ਦਾ ਆਸਰਾ ਹੈਂ ਤੂੰ,
ਕਦੀ ਕਦੀ ਤੇਰੇ ਜੀਵਨ ਦਾ ਆਸਰਾ ਹਾਂ ਮੈਂ।
ਤੇਰਾ ਹੀ ਨੂਰ ਹੈ ਮੇਰੇ ਗੁਲਾਬ ਦੀ ਸ਼ੋਭਾ,
ਤੇਰੀ ਸੁਗੰਧ ਲਈ ਪਰ ਕਦੀ ਹਵਾ ਹਾਂ ਮੈਂ।
ਮੇਰੇ ਜ਼ਖ਼ਮ ਦੇ ਲਈ ਆਖ਼ਰੀ ਮਰ੍ਹਮ ਹੈਂ ਤੂੰ,
ਤੇਰੇ ਜਹਾਨ ਲਈ ਆਖ਼ਰੀ ਦਵਾ ਹਾਂ ਮੈਂ।
ਮੇਰੇ ਲਹੂ 'ਚ ਤੇਰੇ ਮੁਸਕ੍ਰਾਨ ਦੀ ਲਾਲੀ,
ਤੇਰੇ ਸੁਹਾਗ ਲਈ ਪਰ ਕਦੀ ਹਿਨਾ ਹਾਂ ਮੈਂ।
ਕਦੀ ਕਦੀ ਹੈਂ ਤੂੰ ਮੇਰੇ ਖ਼ਿਆਲ ਦੀ ਬਿਜਲੀ,
ਕਦੀ ਕਦੀ ਤੇਰੇ ਤੁਫ਼ਾਨ ਦਾ ਸੁਦਾ ਹਾਂ ਮੈਂ।
ਉਮੀਦ-ਖੇਤ 'ਚ ਤੇਰੀ ਨਜ਼ਰ ਦੀ ਹਰਿਆਲੀ,
ਤੇਰੀ ਖ਼ਿਜ਼ਾਂ 'ਚ ਵੀ ਬੂਟਾ ਕਦੀ ਹਰਾ ਹਾਂ ਮੈਂ।
ਮਹਾਂ ਖਿਲਾਰ ਦਾ ਬੇਸ਼ਕ ਸਦਾ ਹੈਂ ਤੂੰ ਮਾਲਕ,
ਦਿਲਾਂ ਦੇ ਸੁਹਲ ਜਹਾਨਾਂ ਦਾ ਪਰ ਖ਼ੁਦਾ ਹਾਂ ਮੈਂ।
ਤੇਰੇ ਬਗ਼ੈਰ ਵੀ ਦੁਨੀਆ ਉਜਾੜ ਹੈ ਮੇਰੀ,
ਮੇਰੇ ਬਗ਼ੈਰ ਵੀ ਦੁਨੀਆ ਵੀਰਾਨ ਹੈ ਤੇਰੀ।

*Original with:*
Language Department Punjab
*Digitized by:*
Panjab Digital Library

# ਬਹਾਰ

ਸ਼ਾਮ-ਪਰੀ ਨੇ ਕੇਸਰ ਦੀ ਭਰ ਝੋਲੀ,
ਖ਼ਾਕੀ ਸਾਗਰ ਦੇ ਨੈਣਾਂ ਵਿਚ ਡੋਲ੍ਹੀ।
ਊਸ਼ਾਵਤੀ ਨੇ ਅਪਣੇ ਰੰਗ ਲੁਟਾਏ,
ਦਿਨ-ਜੋਤੀ ਨੇ ਸਭ ਵਿਚ ਦੀਪ ਜਗਾਏ।
ਸੂਰਜ ਛਿਣਕੇ ਆਪਣੇ ਭਾਵ ਸੁਨਹਿਰੀ,
ਇੰਦਰਪੁਰੀ ਚੋਂ ਸਬਜ਼ੀ ਹਲਕੀ, ਗਹਿਰੀ।
ਹੂਰਾਂ ਦੇ ਕੋਮਲ ਬੁਲ੍ਹਾਂ ਦੀ ਲਾਲੀ,
ਚੰਦ-ਰਿਸ਼ਮਾਂ ਦੀ ਉਲਟੀ ਨੂਰ ਪਿਆਲੀ।



*Original with:*
Language Department Punjab
*Digitized by:*
Panjab Digital Library

ਸ਼ਿਵ ਜੀ ਦੇ ਨੈਣਾਂ ਦੀ ਮਦਰਾ-ਮਸਤੀ
ਡੁਲ੍ਹ ਪਈ ਮੇਰੇ ਅੰਦਰ ਦੀ ਬਸਤੀ।
ਕਿਨ੍ਹ ਆਲੋਪ ਕਰਾਂ ਨੇ ਖੇਡੀ ਹੋਲੀ,
ਮੋਨ ਪਈ ਅੱਜ ਧਰਤੀ ਹੱਸੀ ਬੋਲੀ?
ਇਸ ਹੋਲੀ ਤੋਂ ਉੱਗ ਪਏ ਫੁਲ-ਕਲੀਆਂ
ਵਸ ਗਏ ਹਨ ਉਪਬਨ ਕਾਲੀਆਂ ਗਲੀਆਂ।

ਮੈਂ ਅਪਣੇ ਹਰ ਰੌਲੇ ਤੋਂ ਘਬਰਾ ਕੇ
ਲੁਕਣਾ ਚਾਹਵਾਂ ਗੋਦ ਬਹਾਰ 'ਚ ਆ ਕੇ।
ਕਲੀਆਂ ਦੇ ਪੈਰਾਂ ਵਿਚ ਹੰਝੂ ਡੋਲ੍ਹਾਂ,
ਦਿਲ ਚਾਹੁੰਦਾ ਹੈ ਪਿੰਜਰ ਘਾਹ ਵਿਚ ਰੋਲਾਂ!
ਜਦ ਦੁਨੀਆ ਨੂੰ ਮਨ ਦੀ ਸਮਝ ਨਾ ਆਏ
ਕਿਸ ਥਾਂ ਕੋਈ ਅਪਣਾ ਹਾਲ ਸੁਣਾਏ?
ਹੇ ਕੁਦਰਤ, ਮੈਂ ਅਤ ਦੁਖੀਆ, ਤੂੰ ਦਰਦੀ;
ਬਖ਼ਸ਼ ਲੈ ਮੇਰੇ ਪਾਪ ਦੀ ਗਰਮੀ-ਸਰਦੀ।
ਜਦ ਬੱਚੇ ਨੂੰ ਹਰ ਕੋਈ ਠੁਕਰਾਏ
ਵਿਲਕਦਾ ਆਖ਼ਰ ਮਾਤਾ ਦੇ ਵਲ ਆਏ।
ਜਰ ਅੰਦਰ ਨੂੰ ਬਾਹਰ ਦੇ ਨਾਲ ਦਬਾਏ
ਘੁੱਟ ਘੁੱਟ ਮਰਨ ਤੋਂ ਬਿਹਤਰ ਹੈ ਮਰ ਜਾਏ!
ਆਤਮਘਾਤ ਨੂੰ ਪਾਪ ਬਣਾਵਣ ਵਾਲੇ,
ਦੇਖ ਤੂੰ ਇਨਸਾਨਾਂ ਦੇ ਦਿਲ ਦੇ ਛਾਲੇ!



*Original with:*
Language Department Punjab
*Digitized by:*
Panjab Digital Library

ਨੀ ਕਲੀਓ, ਕੁਝ ਅਪਣੀ ਦਿਓ ਖ਼ਮੋਸ਼ੀ,
ਮੈਂ ਨਾ ਬੋਲਾਂ ਦੁਨੀਆ ਕਹੇ ਜੇ ਦੋਸ਼ੀ !
ਰੂਹ ਮੇਰੀ ਨੂੰ ਸਾਂਭੋ ਹੱਸਦਿਓ ਨੈਣੋਂ,
ਆਕੀ ਹੈ ਜੋ ਭੀੜ-ਫ਼ਰੇਬ ਚੋਂ ਰਹਿਣੋਂ !
ਸ਼ਾਦੀ, ਗ਼ਮ, ਕੀ ਇਸ ਨਗਰ ਦੀਆਂ ਕਾਰਾਂ ?
ਪਿਆਰ ਹੀ ਜਦ ਰੁਲਦਾ ਹੈ ਵਿਚ ਬਜ਼ਾਰਾਂ !
ਸੁਰ ਪੱਤਿਆਂ ਦੀ ਸਰ ਸਰ ਵਿਚ ਮਿਲ ਜਾਏ,
ਜੜ੍ਹ ਮਾਇਆ ਤੋਂ ਚੇਤਨ ਗੀਤ ਸੁਣਾਏ।
ਫੁੱਲਾਂ ਵਿਚ ਸੌਂ ਜਾਵਣ ਆਤਮ-ਲਹਿਰਾਂ,
ਯਾਦ ਨਾ ਜਾਏ ਵੱਲ ਚਮਕਦੇ ਸ਼ਹਿਰਾਂ !
ਹਰ ਬੰਧਨ ਤੋਂ ਚਾਹਵਾਂ ਦੂਰ ਆਜ਼ਾਦੀ
ਉਹ ਹੋਵੇ ਚਾਹੇ ਮੇਰੀ ਬਰਬਾਦੀ।
ਦਿਲ ਬਖ਼ਸ਼ਣ ਵਾਲੇ ! ਕੋਈ ਟਾਪੂ ਹੋਵੇ,
ਜਿਸ ਥਾਂ ਅਪਣੀ ਮੌਜ 'ਚ ਹੱਸੇ ਰੋਵੇ !
ਨੀ ਕਲੀਓ ! ਹੁਣ ਅਪਣੇ ਹੇਠ ਲੁਕਾਓ,
ਧੁਰ ਦਰਗਾਹ ਦੇ ਚਾਨਣ ਹੇਠ ਸਵਾਓ !
ਲੱਭ ਨਾ ਸੱਕਾਂ, ਭਾਲ 'ਚ ਕੋਈ ਆਏ,
ਅੰਮਾ ਤੋਂ ਬਿਨ ਬੱਚਾ ਕਿਸ ਥਾਂ ਜਾਏ !



*Original with:*
Language Department Punjab
*Digitized by:*
Panjab Digital Library

# ਇਕਤਾਰੇ ਵੇਚਣ ਵਾਲਾ

ਗਲੀ ਗਲੀ ਵਿਚ ਫਿਰੇ ਵਿਚਾਰਾ,
ਇਹ ਇਕਤਾਰੇ ਵੇਚਣ-ਹਾਰਾ।
ਸੌ ਸੌ ਰੰਗ ਦੇ ਗੀਤ ਸੁਣਾਏ,
ਕੇਵਲ ਪਰ ਇਕ ਤਾਰ ਤੇ ਗਾਏ।
ਲੱਖ ਵਿਰੋਧੀ ਗਲੀਆਂ ਅੰਦਰ,
ਲੱਖ ਰੰਗਾਂ ਦੀਆਂ ਕਲੀਆਂ ਅੰਦਰ,



*Original with:*
Language Department Punjab
*Digitized by:*
Panjab Digital Library

ਦਰਦ ਜਗਾਏ ਮੀਂਡ ਦੁਆਰਾ,
ਇਹ ਇਕਤਾਰੇ ਵੇਚਣ-ਹਾਰਾ,
ਗਲੀ ਗਲੀ ਜੋ ਫਿਰੇ ਵਿਚਾਰਾ!

ਦੇਵ ਲੋਕ ਦੀ ਸੁਰ ਮਸਤਾਨੀ
ਸੁਣ ਸੁਣ ਕੇ ਗੁੰਮ ਹੈਨ ਪ੍ਰਾਣੀ!

ਹੁਣ ਤੇਰਾ ਮੁੜ ਕੇ ਇਕਤਾਰਾ,
ਹੈ ਜਿਸ ਦਾ ਇਹ ਸਰਵ-ਖਿਲਾਰਾ,
ਅਪਣੀ ਹਰ ਇਕ ਤਾਨ ਸਮੇਟੇ,
ਬੇਦਰਦਾਂ ਦਾ ਆਲਮ ਮੇਟੇ।
ਫਿਰ ਤੇਰਾ ਜੋਤੀ-ਇਕਤਾਰਾ,
ਚਮਕਾਏ ਰੂਹ-ਰਾਗ ਦਾ ਤਾਰਾ।
ਇਹ ਇਕਤਾਰ ਵਜਾਵਣ ਵਾਲਾ,
ਰੂਹ ਵਿਚ ਜਗਤ ਨੁਹਾਵਣ ਵਾਲਾ,
'ਜਿਪਸੀ' ਏ ਜਾਂ ਦੇਵ ਕੋਈ ਏ,
ਦਰਦੀ ਸੁਰ ਜਿਸ ਨੇ ਛੋਹੀ ਏ?
ਇਸ ਬੇਘਰ ਬੰਦੇ ਦੀ ਸੁਰ ਹੈ,
ਮਾਨਵਤਾ ਦਾ ਪਾਰ-ਉਤਾਰਾ,
ਗਲੀ ਗਲੀ ਜੋ ਫਿਰੇ ਵਿਚਾਰਾ।



*Original with:*
Language Department Punjab
*Digitized by:*
Panjab Digital Library

ਜਾਗ ਪਿਆ ਮੇਰਾ ਇਕਤਾਰਾ,
ਵਗ ਤੁਰਿਆ ਗੀਤਾਂ ਦਾ ਧਾਰਾ,
ਪਰਿਵਰਤਨ ਦੀ ਮਸਤੀ ਲੈ ਕੇ,
ਦਰਦ, ਅਮਲ ਦੀ ਸ਼ਕਤੀ ਲੈ ਕੇ।

ਇਸ ਨੇ ਮੇਰੀ ਰੂਹ ਤੜਪਾਈ,
ਇਸ ਨੇ ਮੇਰੀ ਨੀਂਦ ਗਵਾਈ,
ਇਹ ਹਿੰਮਤ-ਜੋਤੀ ਦਾ ਪੁਤਲਾ,
ਇਹ ਆਲਮ ਦਾ ਨੂਰ-ਸਹਾਰਾ,
ਦਰ ਦਰ ਤੇ ਅਜ ਫਿਰੇ ਵਿਚਾਰਾ,
ਇਹ ਇਕਤਾਰੇ ਵੇਚਣ-ਹਾਰਾ !

Original with:
Language Department Punjab
Digitized by:
Panjab Digital Library

## ਬੋਲੀਆਂ

ਜਗ ਮੌਤ ਹੀ ਸਮਝਿਆ ਗ਼ਾਫ਼ਲ
ਜ਼ਿੰਦਗੀ ਦੇ ਐਤਵਾਰ ਨੂੰ।

ਕਦੇ ਲਹਿਰ ਨਾ ਜਮਾਏ ਡੇਰਾ
ਕੰਢਿਆਂ ਦੀ ਸ਼ਾਨ ਵੇਖ ਕੇ।

ਇਹ ਵੀ ਗ਼ਮ ਸੀ ਲਹਿ ਗਿਆ ਮਗਰੋਂ:
ਖ਼ੁਸ਼ੀ ਦਾ ਖ਼ਿਆਲ ਭੁੱਲਿਆ।

ਪਈ ਫੁੱਲਦੀ ਤਹਿਜ਼ੀਬ ਤੇ ਦੁਨੀਆ
ਆਇਆ ਨਹੀਂ ਵੰਡ ਖਾਵਣਾ।

ਕੋਈ ਜਾਗੇ, ਕੋਈ ਨਾ ਜਾਗੇ,
ਕੁਕੜਾਂ ਤਾਂ ਬਾਂਗ ਦੇਵਣੀ।



*Original with:*
Language Department Punjab
*Digitized by:*
Panjab Digital Library

# ਨਵੇਂ ਨਵੇਂ ਸੁਪਨੇ

ਨਵੇਂ ਨਵੇਂ ਮੇਰੇ ਜੀਵਨ ਦਾ ਆਸਰਾ ਸੁਪਨੇ;
ਨਵੇਂ, ਅਨੋਖੇ, ਅਚੰਭਾ ਮੇਰੀ ਦਵਾ ਸੁਪਨੇ।
ਤੇਰੇ ਖ਼ਿਆਲ 'ਚ ਮੈਂ ਤਾਰਿਆਂ ਦਾ ਰਸ ਪੀ ਕੇ,
ਤੇਰੇ ਮਿਲਾਪ ਦੇ ਸੁਪਨੇ ਲਏ ਨੇ ਰਾਤਾਂ ਨੂੰ।
ਕਦੀ ਤੂੰ ਆ ਵੀ ਗਈ ਮੇਰੇ ਸੁਪਨਿਆਂ ਦੀ ਗਲੀ
ਤਾਂ ਹੋਰ ਪਰਦੇ ਨਜ਼ਰ ਤੇ ਪਏ ਨੇ ਰਾਤਾਂ ਨੂੰ।
ਚਮਕ ਚਮਕ ਕੇ ਬੁਝੇ ਸੁਪਨਿਆਂ ਦੇ ਜੁਗਨੂੰ ਇਹ,
ਤੇਰੇ ਖ਼ਿਆਲ ਦੇ ਹੋਏ ਕਦੀ ਨਾ ਜਾਣੂ ਇਹ।



*Original with:*
Language Department Punjab
*Digitized by:*
Panjab Digital Library

ਕੋਈ ਮਿਟੇ ਤਾਂ ਕੋਈ ਆਸ. ਲੈ ਕੇ ਹੋਰ ਬਣੇ,
ਨਵੇਂ ਨਵੇਂ ਮੇਰੇ ਜੀਵਨ ਦਾ ਆਸਰਾ ਸੁਪਨੇ।

ਇਹ ਖ਼ਾਬ-ਜਾਲ ਵਿਛਾਇਆ ਹੁਸਨ ਦੇ ਦਰਿਆ ਤੇ
ਕਿਸੇ ਦੇ ਬੁਲ੍ਹ ਗੁਲਾਬੀ, ਕਿਸੇ ਦੇ ਕੇਸ ਫਸੇ।
ਜਦੋਂ ਨਾ ਜਾਲ 'ਚ ਤੇਰੀ ਸ਼ਕਲ ਨਜ਼ਰ ਆਈ,
ਫ਼ਰੇਬਕਾਰ ਹੀ ਅਪਣੀ ਅਕਲ ਨਜ਼ਰ ਆਈ।
ਮੈਂ ਤੋੜ ਤਾੜ ਕੇ ਤੁਰਿਆ ਹਾਂ ਜਾਲ ਨੂੰ ਅਪਣੇ,
ਤਲਾਸ਼ ਕਰਦੇ ਨੇ ਮੈਨੂੰ ਨਵੇਂ ਨਵੇਂ ਸੁਪਨੇ।

ਕਦੀ ਅਜ਼ਾਦੀ, ਕਦੀ ਮੁਲਕ-ਪਾਰ ਦੇ ਸੁਪਨੇ;
ਡਰਾ ਰਹੇ ਨੇ ਅਨੋਖੀ ਬਹਾਰ ਦੇ ਸੁਪਨੇ।
ਦਿਨੇ ਵੀ ਸੁਪਨ-ਅਚੰਭਾ ਉਗਾਈ ਜਾਂਦਾ ਹਾਂ,
ਉਰੇ ਪਰੇ ਦੇ ਕਲਾਵੇ ਮਿਲਾਈ ਜਾਂਦਾ ਹਾਂ।
ਹਜ਼ਾਰ ਆਸ ਬਣੇਗੀ, ਰਹੇਗਾ ਮਨ ਜਦ ਤਕ;
ਮਜ਼ਾ ਹੈ ਜੀਣ ਦਾ ਜ਼ਿੰਦਾ ਰਹੇ ਸੁਪਨ ਜਦ ਤਕ।
ਕੋਈ ਭੀ ਗ਼ਮ ਨਹੀਂ ਜੇ ਕਰ ਤੁਸੀਂ ਨਹੀਂ ਆਏ——
ਨਵੇਂ ਨਵੇਂ ਮੇਰੇ ਜੀਵਨ ਦਾ ਆਸਰਾ ਸੁਪਨੇ,
ਨਵੇਂ ਜਨਮ ਦੇ ਲਈ ਬਸ ਨਵੇਂ ਨਵੇਂ ਸੁਪਨੇ!

*Original with:*
Language Department Punjab
*Digitized by:*
Panjab Digital Library

# ਦੂਰ ਦੂਰ ਤੋਂ

ਦੂਰ ਦੂਰ ਤੂੰ ਰਾਣੀ,
ਤਦ ਵੀ ਹੈ ਮੇਰੇ ਦਿਲ ਅੰਦਰ
ਤੇਰੀ ਜੋਤ ਨੂਰਾਨੀ——
ਦੂਰ ਦੂਰ ਤੂੰ ਰਾਣੀ !

ਦੂਰ ਦੂਰ ਕੋਈ ਮੁਲਕ ਵਸੀਂਦਾ
ਲਖ ਆਸਾਂ ਦਾ ਤਾਰਾ,
ਖਿਚਦੀ ਜਾਏ ਪਾਂਧੀ ਤਾਈਂ
ਉਸ ਦੀ ਸ਼ਾਮ ਸੁਹਾਣੀ,
ਦੂਰ ਦੂਰ ਤੋਂ, ਰਾਣੀ !

*Original with:*
Language Department Punjab
*Digitized by:*
Panjab Digital Library

ਕੋਲ ਗਿਆਂ ਇਕ ਦੇਸ ਅਵੱਲਾ
ਦੂਰੋਂ ਚੰਦ ਅਸਮਾਨੀ,
ਕੋਲ ਗਿਆਂ ਜੰਨਤ ਵੀ ਦੋਜ਼ਖ਼
ਦੂਰ ਅਨੰਦ-ਕਹਾਣੀ--
ਦੂਰ ਦੂਰ ਤੂੰ, ਰਾਣੀ,
ਫੇਰ ਵੀ ਦਏਂ ਜੁਆਨੀ।

ਕੋਲ ਰਹੇ ਪਰ ਦੂਰ ਕਹਾਏ
ਏਹੋ ਰੱਬ ਦਾ ਹੋਣਾ,
ਮੂਲ-ਅਨੰਦ ਬਣੇਗਾ ਆਖ਼ਰ
ਖੋਜ ਦਾ ਹਾਸਾ-ਰੋਣਾ।
ਬੇਸ਼ਕ ਮੇਰੀ ਤਨ-ਨਗਰੀ ਤੋਂ
ਦੂਰ ਦੂਰ ਤੂੰ, ਰਾਣੀ,
ਤਦ ਵੀ ਜਗਦੀ ਹੈ ਮਨ ਅੰਦਰ
ਤੇਰੀ ਜੋਤ ਨੂਰਾਨੀ,
ਦੂਰ ਦੂਰ ਤੋਂ, ਰਾਣੀ!

*Original with:*
Language Department Punjab
*Digitized by:*
Panjab Digital Library

# ਤੜਪ

ਅਲੋਪ-ਲਹਿਰ ਕਹਾਣੀ ਕਹਾਂ ਕੀ ਮੈਂ ਤੇਰੀ ?
ਤੇਰੇ ਹੀ ਨੂਰ ਤੋਂ ਬਾਕੀ ਰਹੀ ਤੜਪ ਮੇਰੀ।
ਕਿਰਨ ਤਰਸਦੀ ਹੈ ਇਸ ਨੂੰ ਕਿ ਰੋਸ਼ਨੀ ਹੈ ਇਹ ;
ਤੜਪ ਕੇ ਕਹਿ ਗਈ ਬਿਜਲੀ ਕਿ ਜ਼ਿੰਦਗੀ ਹੈ ਇਹ।
ਮੇਰੇ ਖ਼ਿਆਲ ਦੀ ਜੋਤੀ ਅਮਰ ਰਹੀ ਇਸ ਤੋਂ,
ਜ਼ਮੀਰ-ਇਸ਼ਕ ਦੀ ਜਾਗੀ ਰਹੀ ਨਜ਼ਰ ਇਸ ਤੋਂ।
ਬੜੇ ਅਨੰਦ 'ਚ ਬੇੜੀ ਰਹੀ ਹੈ ਉਮਰਾਂ ਦੀ,
ਅਲੋਪ-ਲਹਿਰ ਕਹਾਣੀ ਕਹਾਂ ਕੀ ਮੈਂ ਤੇਰੀ ?

ਅਜ਼ਲ ਦੇ ਦਿਨ ਤੋਂ ਕੋਈ ਐਸੀ ਆਸ ਹੈ ਜ਼ਖ਼ਮੀ,
ਮੇਰੀ ਤਲਾਸ਼ ਨੂੰ ਪਰ ਉਸ ਦਾ ਕੁਝ ਪਤਾ ਵੀ ਨਵੀਂ।
ਇਲਾਜ ਇਸ ਦਾ ਨਹੀਂ ਦੂਸਰੇ ਕਿਨਾਰੇ ਵੀ ;
ਇਲਾਜ ਇਸ ਦਾ ਨਹੀਂ ਅੰਬਰਾਂ ਦੇ ਤਾਰੇ ਵੀ।

*Original with:*
Language Department Punjab
*Digitized by:*
Panjab Digital Library

ਕੋਈ ਸੁਆਦ ਨਹੀਂ ਸਾਰਿਆਂ ਦੀ ਧਰਤੀ ਤੇ,
ਅਨੰਦ ਜੀਣ ਦਾ ਹੈ ਪਾਰਿਆਂ ਦੀ ਧਰਤੀ ਤੇ।
ਹਵਾ ਦਾ ਜ਼ੋਰ ਵੀ ਰੋਂਦਾ ਹੈ ਇਸ ਹਵਾ ਦੇ ਲਈ,
ਦਵਾ ਭੀ ਤੜਪਦੀ ਜਾਂਦੀ ਹੈ ਇਸ ਦਵਾ ਦੇ ਲਈ।
ਕਿਸੇ ਅਰਾਮ ਦੀ ਪੂਜਾ ਕਰੇ ਨਾ ਆਸ ਮੇਰੀ,
ਮਹਾਨ-ਹੁਸਨ ਵੀ ਲੋਚੇ ਨਾ ਇਹ ਪਿਆਸ ਮੇਰੀ।
ਮੇਰੀ ਕਲਮ ਦੀ ਜੁਆਨੀ 'ਚ ਖ਼ੂਨ ਹੈ ਇਸ ਦਾ,
ਅਲੋਪ-ਤੜਪ ਦੇ ਸੋਮੇ ਤੋਂ ਹੈ ਮੇਰਾ ਦਰਿਆ।
ਤੜਪ 'ਚ ਹੀ ਕੋਈ ਅੰਦਰ ਦੀ ਹੈ ਦਵਾ ਖ਼ਬਰੇ,
ਮੇਰੀ ਤੜਪ 'ਚ ਹੈ ਇਨਸਾਨ ਦਾ ਭਲਾ ਖ਼ਬਰੇ।
ਮੇਰੀ ਤੜਪ ਦੀ ਜ਼ਮੀਨਾਂ ਤੇ ਪਰ ਦਵਾ ਹੀ ਨਹੀਂ,
ਮੇਰੀ ਤੜਪ ਦੀ ਦਵਾ ਹੈ ਤੜਪ ਨਵੀਂ ਤੋਂ ਨਵੀਂ।
ਅਲੋਪ-ਲਹਿਰ ਕਹਾਣੀ ਕਹਾਂ ਕੀ ਮੈਂ ਤੇਰੀ?

Original with:
Language Department Punjab
Digitized by:
Panjab Digital Library

# ਕੌਣ ਆਇਆ ?

ਅਜ ਬਜ਼ਾਰਾਂ ਵਿਚ ਬੜੀ ਰੌਣਕ ਰਹੀ !
ਕੌਣ ਆਇਆ, ਅੱਜ ਬੜੀ ਰੌਣਕ ਰਹੀ ?

ਸਜ ਰਹੀ ਹੈ ਸ਼ਹਿਰ ਦੀ ਹਰ ਇਕ ਦੁਕਾਨ,
ਸਜ ਸਜਾ ਕੇ ਆ ਰਹੇ ਨੇ ਨੌਜੁਆਨ।
ਤੂਤੀਆਂ ਦੀ ਸ਼ਾਮ ਵਿਚ ਆਇਆ ਹੈ ਕੌਣ ?
ਹਿਰਦਿਆਂ ਦੀ ਲਹਿਰ ਤੇ ਛਾਇਆ ਹੈ ਕੌਣ ?
ਕੌਣ ਆਇਆ ਰਾਤ ਹੁੰਦੀ ਦਿਨ ਗਈ ?
ਘੁੱਪ ਹਨੇਰੀ ਪਰ ਗਲੀ ਮੇਰੀ ਰਹੀ !
ਅਜ ਬਜ਼ਾਰਾਂ ਵਿਚ ਬੜੀ ਰੌਣਕ ਰਹੀ !
ਕੌਣ ਆਇਆ, ਅੱਜ ਬੜੀ ਰੌਣਕ ਰਹੀ ?

*Original with:*
Language Department Punjab
*Digitized by:*
Panjab Digital Library

ਰਾਤ ਰੰਗੀ ਸਾੜ੍ਹੀਆਂ ਦੇ ਰੰਗ ਨੇ,
ਹਾਸਿਆਂ ਨੂੰ ਅੱਜ ਅੰਬਰ ਤੰਗ ਨੇ।
ਵਾਜਿਆਂ ਦੇ ਨੂਰ ਵਿਚ ਆਇਆ ਹੈ ਕੌਣ ?
ਤਾਰਿਆਂ ਦੀ ਜੋਤ ਨੇ ਪਾਇਆ ਹੈ ਕੌਣ ?
ਹਰ ਨਜ਼ਰ ਵਿਚ ਹੈ ਅਚੰਭਾ ਰੋਸ਼ਨੀ।
ਅੱਜ ਬਜ਼ਾਰਾਂ ਵਿਚ ਬੜੀ ਰੌਣਕ ਰਹੀ !
ਪਰ ਹਨੇਰੀ ਅੱਤ ਗਲੀ ਮੇਰੀ ਰਹੀ !

ਠੋਕਰਾਂ ਖਾਂਦਾ ਹਾਂ ਆਉਂਦਾ ਘਰ ਨਹੀਂ,
ਕੋਈ ਸਹਿ-ਦੀਵੇ ਦੇ ਖ਼ੁਲ੍ਹਾ ਦਰ ਨਹੀਂ।
ਅਤ ਜੁਆਨੀ ਪਰ ਭਿਆਨਕ ਰਾਤ ਦਿਨ,
ਰਹਿ ਗਈ ਕਿਸ ਸੋਚ ਤੇ ਤੇਰੀ ਕਿਰਨ ?
ਖ਼ੈਰ ਤੇਰੇ ਤਾਰਿਆਂ ਦੀ ਕਰ ਨਿਗਾਹ,
ਦੀਵਿਆਂ ਵਾਲੇ ਗਲੀ ਮੇਰੀ ਵੀ ਆ !
ਕਿਉਂ ਗਲੀ ਮੇਰੀ ਸਦਾ ਕਾਲੀ ਰਹੇ ?
ਕਿਉਂ ਮੇਰੀ ਪਿਆਲੀ ਸਦਾ ਖ਼ਾਲੀ ਰਹੇ ?
ਕਿਉਂ ਚੁਰਾ ਕੇ ਨਜ਼ਰ ਲੰਘ ਜਾਏ ਉਸ਼ਾ ?
ਕਿਉਂ ਬਚਾਏ ਅਪਣੇ ਪੱਲੇ ਨੂੰ ਹਵਾ ?
ਰੌਣਕਾਂ ਵਾਲੇ ਗਲੀ ਮੇਰੀ ਵੀ ਆ !
ਅੰਤ ਕਰ ਇਸ ਰਾਤ-ਜੀਵਨ ਦਾ ਕਦੀ--
ਅੱਜ ਬਜ਼ਾਰਾਂ ਵਿਚ ਬੜੀ ਰੌਣਕ ਰਹੀ !

*Original with:*
Language Department Punjab
*Digitized by:*
Panjab Digital Library

# ਅੱਧੀ ਅੱਧੀ ਰਾਤੀਂ

ਅੱਧੀ ਅੱਧੀ ਰਾਤੀਂ, ਅੱਧੀਂ ਅੱਧੀ ਰਾਤੀਂ !

ਅੱਧੀ ਅੱਧੀ ਰਾਤੀਂ ਪੈਣ ਫੁਹਾਰਾਂ,
ਯਾਦ-ਜਗਤ ਵਿਚ ਹੋਣ ਪੁਕਾਰਾਂ !
ਅੱਧੀ ਅੱਧੀ ਰਾਤੀਂ ਬਿਜਲੀ ਕੜਕੇ,
ਪਰਦੇਸਾਂ ਵਿਚ ਜੀਵਨ ਭੜਕੇ ।
ਅੱਧੀ ਅੱਧੀ ਰਾਤੀਂ ਬਾਰਸ਼ ਆਈ,
ਬੇਘਰ ਦਾ ਹੁਣ ਕੌਣ ਸਹਾਈ ?
ਅੱਧੀ ਅੱਧੀ ਰਾਤੀਂ ਬੰਦ ਦੁਆਰੇ,
ਆਸਾਂ ਦੇ ਆਲੋਪ ਕਿਨਾਰੇ ।
ਪਰਦੇਸੀ ਦਮ ਕਿਸ ਵਲ ਜਾਏ ?
ਜੋਤ-ਨਜ਼ਰ ਦੀ ਠੋਕਰ ਖਾਏ !
ਹੁਣ ਅਪਣਾ ਸਾਇਆ ਨਹੀਂ ਸਾਥੀ——
ਅੱਧੀ ਅੱਧੀ ਰਾਤੀਂ, ਅੱਧੀ ਅੱਧੀ ਰਾਤੀਂ !

Original with:
Language Department Punjab
Digitized by:
Panjab Digital Library

ਰਾਤ ਵਗੀ ਨਾ, ਵਗ ਗਇ ਪਾਣੀ;
ਨੱਚ ਪਈ ਕੋਈ ਯਾਦ ਪੁਰਾਣੀ।
ਤੜਪੇ ਲੋਹ ਤੇ ਸੀਤ ਜੁਆਨੀ,
ਨਜ਼ਰ ਚੋਂ ਚੋਵੇ ਪੁਨਰ-ਕਹਾਣੀ।
ਅੱਧੀ ਅੱਧੀ ਰਾਤੀਂ, ਮੋਨ ਖ਼ੁਦਾਈ,
ਮੈਂ ਬੇ-ਨਾਂ ਦੇਸਾਂ ਦਾ ਰਾਹੀ!
ਨਜ਼ਰ ਨਾ ਆਇ ਰਸਤਾ ਤੇਰਾ,
ਹਰ ਥਾਂ ਪਹਿਰੇਦਾਰ ਹਨੇਰਾ।

ਅੱਧੀ ਅੱਧੀ ਰਾਤੀਂ ਜਿਸ ਸਾਗਰ ਨੇ
ਭਰ ਭਰ ਡੋਲ੍ਹੇ ਝੀਲਾਂ ਝਰਨੇ,
ਕਾਸ਼! ਮੇਰੇ ਬੇਰਾਹ ਜੰਗਲ ਨੂੰ,
ਬਦਲ ਦਵੇ ਮੇਰੇ ਹਰ ਪਲ ਨੂੰ!
ਡੁਲ੍ਹ ਪਵੇ ਯਾਦਾਂ ਦਾ ਸੀਨਾ,
ਫਟ ਜਾਏ ਨੀਂਦਰ ਦੀ ਛਾਤੀ--
ਅੱਧੀ ਅੱਧੀ ਰਾਤੀਂ, ਅੱਧੀ ਅੱਧੀ ਰਾਤੀਂ।



*Original with:*
Language Department Punjab
*Digitized by:*
Panjab Digital Library

# ਸਾਗਰ

ਤੇਰਾ ਅੰਤ ਕਿਸੇ ਨਹੀਂ ਪਾਇਆ,
ਹੇ ! ਪਾਣੀ ਰੂਪੀ ਮਾਇਆ।

ਪਾਣੀ ਹੈਂ ਜਾਂ ਹੈ ਸ਼ਾਇਦ
ਪਾਤਾਲ-ਨਗਰ ਦਾ ਅੰਬਰ,
ਹੋਇਆ ਹੈ ਜਿਸ ਅੰਬਰ ਚੋਂ
ਇਹ ਚੰਦ-ਜਹਾਨ ਉਜਾਗਰ
ਜਾਂ ਕੁਲ ਜੀਵਾਂ ਤੇ ਹੈ ਇਹ
ਕੂਲੀ ਰਹਿਮਤ ਦਾ ਸਾਇਆ—
ਤੇਰਾ ਅੰਤ ਕਿਸੇ ਨਹੀਂ ਪਾਇਆ !

ਮਿੱਟੀ ਦਾ ਗੋਰਖ-ਧੰਧਾ,
ਕੀ ਕੀ ਮਿਲ ਬਣਿਆ ਬੰਦਾ ?
ਆਪੇ ਜਿਸ ਚੀਜ਼ ਨੂੰ ਚਾਹੇ
ਓਸੇ ਨੂੰ ਭੰਨ ਗੁਆਏ।
ਬਣਤਰ ਦੀ ਕਥਾ ਅਧੂਰੀ,
ਤੂੰ ਹੀ ਅੱਜ ਕਰ ਦੇ ਪੂਰੀ।



*Original with:*
Language Department Punjab
*Digitized by:*
Panjab Digital Library

ਕੁਦਰਤ ਵਿਚ ਬਦੀ ਨਾ ਜਾਪੇ,
ਬੰਦਾ ਨਿਤ ਕਰੇ ਸਿਆਪੇ।
ਇਸ ਨੇ ਅੱਜ ਤੇਰਾ ਸੀਨਾ,
ਕੀਤਾ ਹੈ ਚੀਨਾ ਚੀਨਾ।
ਇਕ ਆਪਣੀ ਖ਼ੁਸ਼ੀ ਦੀ ਖ਼ਾਤਰ
ਕੀ ਕੀ ਨਹੀਂ ਏਸ ਬਣਾਇਆ?
   ਤੇਰਾ ਅੰਤ ਫੇਰ ਨਹੀਂ ਪਾਇਆ।

ਹਾਂ ਦੋਵੇਂ ਰੂਪ ਉਜਾਗਰ,
ਤੂੰ ਸਾਗਰ ਮੈਂ ਭੀ ਸਾਗਰ।
ਤੂੰ ਚੰਦ-ਪੁੱਤਰ ਨੂੰ ਤੜਪੇਂ,
ਛੱਲਾਂ ਦੇ ਨਾਲ ਬੁਲਾਏਂ;
ਮੈਂ ਜਗ-ਪੁੱਤਰ ਨੂੰ ਰੋਵਾਂ,
ਉਠਿਆ ਹਾਂ ਖੋਲ੍ਹ ਕੇ ਬਾਹਵਾਂ,
ਗੀਤਾਂ ਸੰਗ ਪਿਆ ਬੁਲਾਵਾਂ,
ਆਵੇ, ਘੁਟ ਸੀਨੇ ਲਾਵਾਂ!



*Original with:*
Language Department Punjab
*Digitized by:*
Panjab Digital Library

# ਸਵਰਨੋ

ਰੋਜ਼ ਕਿਸੇ ਜੋਬਨ ਦਾ ਸੁਪਨਾ,
ਉਭਰਿਆ ਸੀਨਾ;
ਸਿੰਗਰਫ਼ ਦੀ ਚਾਦਰ ਵਿਚ ਦੋ ਨੂਰਾਂ ਦੇ ਤਾਰੇ,
ਇਸ ਜੂਨੀ ਦੇ ਪ੍ਰਿਥਮ ਸਹਾਰੇ,
ਨੈਣ ਨਸ਼ੀਲੇ ਤਾਰਕ ਜੱਗ ਦੇ,
ਅਕਲ ਦੇ ਰਾਹ ਵਿਚ ਦੀਵੇ ਜਗਦੇ,
ਪਾਰ ਲੰਘਾਵਣ ਹਾਸੇ-ਰੋਣੇ,
ਬੇੜੀਆਂ ਦੋਨੇ।
ਜਾਦੂਗਰ ਦੇ ਜ਼ੁਲਫ਼-ਮਹਿਲ ਵਿਚ
ਟਿਕ ਜਾਏ ਦਿਲ।



*Original with:*
Language Department Punjab
*Digitized by:*
Panjab Digital Library

ਅਮਰ ਰਹੇ ਇਹ ਸੁੰਦਰ ਮਾਇਆ,
ਮਨ ਦਾ ਝੂਲਾ, ਰਹਿਮ ਦਾ ਸਾਇਆ!
ਜੀਵਤ ਰਖ ਇਹ ਬੁਲ੍ਹ ਪਿਆਜ਼ੀ, ਰੰਗ ਖ਼ੁਦਾਈ,
ਜੋ ਰੰਗਦੇ ਨੇ ਨਿੱਤ ਰੁਸ਼ਨਾਈ!
ਚਾਲ ਸ਼ਰਾਬੀ ਜੀਵੇ ਨਿਸ ਦਿਨ,
ਅੰਦਰ ਦੇ ਦੁਖ ਪੀਵੇ ਨਿਸ ਦਿਨ,
ਰੋਜ਼ ਹੀ ਜਿਸ ਦਾ ਆਵੇ ਸੁਪਨਾ,
ਨੀਵੇਂ ਨੈਣ, ਉਭਰਿਆ ਸੀਨਾ,
ਸਨਮੁਖ ਮੇਰੇ ਜੋਬਨ ਬੂਟਾ
ਮੁਰਝਾਏ ਨਾ!
'ਸਵਰਨ-ਕਮਲ' ਇਹ ਕੁਮਲਾਏ ਨਾ!
ਪਰ ਹੈ ਤੇਰਾ ਭੇਦ ਅਨੋਖਾ,
ਕੁਮਲਾਣਾ ਨਾ ਝੂਠ, ਨਾ ਧੋਖਾ।
ਪਰ ਜਦ ਇਸ ਕੁਮਲਾਣਾ ਹੋਵੇ,
ਉਸ ਦਿਨ ਮੈਨੂੰ ਅੰਨ੍ਹਾ ਕਰ ਦੇ!
ਮੇਰੀ ਨਜ਼ਰ ਨਾ ਨੀਵਾਂ ਵੇਖੇ,
ਮੇਰੀ ਹਿਕ ਵਿਚ ਅਮਰ ਰਹੇ ਸਭ ਇਸ ਦਾ ਨਜ਼ਾਰਾ,
ਜੀਵਨ ਸਾਰਾ;
ਨਿਤ ਆਉਂਦਾ ਹੈ ਜਿਸ ਦਾ ਸੁਪਨਾ,
ਖੁਲ੍ਹੀਆਂ ਜ਼ੁਲਫ਼ਾਂ, ਉਭਰਿਆ ਸੀਨਾ!

*Original with:*
Language Department Punjab
*Digitized by:*
Panjab Digital Library

ਕੀ ਲਾਏ ਹਨ ਦੋ ਦਿਨ ਆਖ਼ਰ
ਟਿੱਡੀਆਂ ਨੂੰ ਪਰ?
ਇਕ ਜੀਵਨ ਤਾਂ ਅਮਰ ਬਣਾ ਦੇਂ,
ਇਕ ਜੀਵਨ ਤਾਂ ਕਲਮ ਚੁਕਾ ਦੇ,
ਇਕ ਜੀਵਨ ਸਰਜੀਵ ਬਣਾ ਦੇ,
ਰਾਤ ਗਵਾਏ ਜਿਸ ਦਾ ਸੁਪਨਾ,
ਚਾਲ ਸ਼ਰਾਬੀ, ਉਭਰਿਆ ਸੀਨਾ!

*Original with:*
Language Department Punjab
*Digitized by:*
Panjab Digital Library

# ਅਗਲੇ ਸਵੇਰੇ

ਬੀਤ ਗਏ ਹਨ ਅਗਲੇ ਸਵੇਰੇ !
ਤੇਰੇ ਨਾਲ ਗਏ ਹਨ ਮੇਰੇ ਨੂਰ ਦੇ ਤੜਕੇ,
ਜੀਵਨ ਭੜਕੇ ।
ਦੂਰ ਨਾ ਹੋਵਣ ਅਪਣੇ ਹਨੇਰੇ !
ਦੇਖ ਰਿਹਾ ਹਾਂ ਅਗਲੇ ਸਵੇਰੇ,
ਅਗਲੇ ਸਵੇਰੇ !



*Original with:*
Language Department Punjab
*Digitized by:*
Panjab Digital Library

ਹੋਣਗੇ ਰਸਤੇ ਮੇਲ ਦੇ ਤੇਰੇ,
ਹੋਰ ਬਹੁਤੇਰੇ ;
ਪਰ ਹਨ ਮੇਰੇ ਆਲ-ਦੁਆਲੇ,
ਲੱਖ ਹਿਮਾਲੇ ;
ਗ਼ਰਕ ਗਏ ਹਨ ਕਿਸ ਸਾਗਰ ਵਿਚ
ਰਵ-ਚੰਦ ਮੇਰੇ ?
ਫੇਰ ਨਾ ਆਏ ਅਗਲੇ ਸਵੇਰੇ !

ਯਾਦ ਇਹ ਤੇਰਾ ਕਹਿਣਾ ਆਏ,
ਦਿਲ ਤੜਪਾਏ,
ਜਦ ਤੂੰ ਕਿਹਾ ਸੀ, "ਅਜ਼ਲ ਦੀ ਰਾਤੀਂ",
ਠੋਕ ਕੇ ਛਾਤੀ :
"ਫੇਰ ਮਿਲਾਂਗੇ ਅਗਲੇ ਸਵੇਰੇ,
ਚਾਨਣ ਮੇਰੇ !"
ਆਤਮ-ਜੋਤ ਬੁਝਾਈ ਜਾਏ
ਬਾਹਰ ਦਾ ਸਾਇਆ ;
ਹਰ ਇਕ ਆਸ ਦਬਾਈ ਜਾਏ
ਬਾਹਰ ਦਾ ਸਾਇਆ ;
ਹੁਣ ਬਸ ਮੇਰੀ ਲਾਸ਼ ਨਿਮਾਣੀ,
ਹੇ ! ਮੇਰੀ ਰਾਣੀ,

Original with:
Language Department Punjab
Digitized by:
Panjab Digital Library

ਹੋਵੇਗੀ ਰਸਤੇ ਵਿਚ ਤੇਰੇ,
ਅਗਲੇ ਸਵੇਰੇ !

ਬਦਲ ਦੇ ਜਾਂ ਮਾਇਆ ਦੇ ਫੇਰੇ,
ਘੁੱਪ ਹਨੇਰੇ,
ਚਾਨਣ ਮੇਰੇ !
ਫੇਰ ਜਗਾ ਦੇ ਅਗਲੇ ਸਵੇਰੇ,
ਅਗਲੇ ਸਵੇਰੇ !

*Original with:*
Language Department Punjab
*Digitized by:*
Panjab Digital Library

# ਝੀਲਾਂ

ਤੇਰਾ ਅੰਤ ਨਾ ਕੋਈ!
ਮੇਰਾ ਅੰਤ ਨਾ ਕੋਈ!

ਨਾ ਕੋਈ ਦੂਰ ਦੁਰਾਡੇ,
ਨਾ ਕੋਈ ਨੇੜੇ ਸਾਡੇ।
ਲਖ ਗੁੰਝਲਾਂ, ਲਖ ਫਾਹੀਆਂ,
ਖ਼ਬਰੇ ਕਿਸ ਨੇ ਪਾਈਆਂ?
ਉੱਚੀਆਂ ਉੱਚੀਆਂ ਸੁਖ-ਜੀਵਨ ਦੀਆਂ ਚੀਲ੍ਹਾਂ ਦੇ ਪਰਛਾਵੇਂ,
ਦੁਖ-ਪਰਬਤ ਦੀ ਛਾਵੇਂ।
ਅਪਣੇ ਹੀ ਸੀਨੇ ਚੋਂ ਫੁੱਟ ਫੁੱਟ ਝੀਲ ਜੁਆਨੀ ਹੋਈ,
ਆਪਣਾ ਅੰਤ ਨਾ ਕੋਈ!

*Original with:*
Language Department Punjab
*Digitized by:*
Panjab Digital Library

ਵਗ ਵਗ ਜਾਣ ਝਨਾਂ ਨੈਣਾਂ ਦੇ,
ਭੇਦ ਨਾ ਪਾਏ ਦਿਲ-ਵਹਿਣਾਂ ਦੇ;
ਵਗ ਵਗ ਜਾਵਣ ਨੀਲੇ ਪਾਣੀ
ਸੀਤਲ ਸੀਤਲ ਝੀਲਾਂ ਥਾਣੀ;
ਜਗ-ਜੀਵਨ ਦੀ ਖੇਤੀ
ਅਜੇ ਨਾ ਹੋਈ ਭੇਤੀ;
ਅੰਦਰ ਦੇ ਕੁਝ ਸਾਏ
ਕਦੀ ਸਮਝ ਨਾ ਆਏ!
ਇਹ ਗੁੰਝਲਾਂ, ਇਹ ਫਾਹੀਆਂ,
ਖ਼ਬਰੇ ਕਿਸ ਨੇ ਪਾਈਆਂ?
ਉਜੜੇ ਉਜੜੇ ਰਾਹਾਂ ਦੇ ਵਿਚ ਅਪਣੀ ਆਸ਼ਾ ਰੋਈ,
ਅਪਣਾ ਅੰਤ ਨਾ ਕੋਈ!

ਮਾਨਸਰੋਵਰ ਪਾਰ ਨਿਕਲ ਕੇ ਲਖ ਝੀਲਾਂ, ਲਖ ਖਾਈਆਂ,
ਰਾਹ ਵਿਚ ਮੇਰੇ ਆਈਆਂ;
ਪਰ ਦੋ ਕਾਲੀਆਂ ਝੀਲਾਂ
ਦਿਲ ਚਾਹੁੰਦਾ ਹੈ ਪੀ ਲਾਂ!
ਡੁਬਦਾ ਦੇਖ ਕੇ ਸੂਰਜ ਚਾਹਵਾਂ
ਸੌਂ ਜਾਵਾਂ ਵਿਚ ਨੀਲਾਂ;
ਤਰਦੇ ਦੇਖ ਕੰਵਲ ਦੇ ਪੱਤੇ
ਮੈਂ ਚਾਹੁੰਦਾ ਹਾਂ ਜੀ ਲਾਂ।

*Original with:*
Language Department Punjab
*Digitized by:*
Panjab Digital Library

ਵੇਖ ਕੇ ਮੇਰਾ ਉਤਰਨਾ ਚੜ੍ਹਨਾ,
ਇਹ ਜਨਮਾਂ ਦੀਆਂ ਝੀਲਾਂ:
ਇੱਕ ਹੱਸੀ, ਇਕ ਰੋਈ--

ਮੇਰਾ ਅੰਤ ਨਾ ਕੋਈ!
ਤੇਰਾ ਅੰਤ ਨਾ ਕੋਈ!

*Original with:*
Language Department Punjab
*Digitized by:*
Panjab Digital Library

## ਕੰਵਲ ਪੱਤੇ

ਨੀਲੇ ਨੀਲੇ ਪਾਣੀਆਂ ਦੇ ਡੂੰਘੇ ਡੂੰਘੇ ਸਾਏ,
ਹੁਣ ਕੋਈ ਆਏ !
ਝੀਲ ਕਿਨਾਰੇ ਹੁਣ ਕੋਈ ਆਏ !
ਨਿਘੀਆਂ ਨਿਘੀਆਂ ਅੰਤਮ ਰਿਸ਼ਮਾਂ,
ਗੂੜ੍ਹੀਆਂ ਸ਼ਾਮਾਂ,
ਫੁਲ-ਕਲੀਆਂ ਨੇ ਰੰਗ ਵਟਾਏ,
ਹੁਣ ਕੋਈ ਆਏ !

Original with:
Language Department Punjab
Digitized by:
Panjab Digital Library

ਨੀਲਮ ਰੰਗੀਆਂ ਸੌ ਲਹਿਰਾਂ ਤੇ
ਕੰਵਲ ਦੇ ਪੱਤੇ
ਵੇਖ ਕੇ ਏਧਰ ਉਧਰ ਤਰਦੇ
ਦਿਲ ਚਾਹੁੰਦਾ ਹੈ ਜੁਗਨੂੰ ਬਣ ਕੇ
ਦੀਪ ਜਗਾਏ !
ਝੀਲ ਕਿਨਾਰੇ ਹੁਣ ਕੋਈ ਆਏ !
ਹਲਕੀਆਂ ਹਲਕੀਆਂ ਚੰਦ-ਰਿਸ਼ਮਾਂ ਵਿਚ ਕੰਵਲ ਦੇ ਪੱਤੇ,
ਜੀਵਨ ਸੁਪਨੇ।
ਕਿਸ ਦੇ ਪੈਰ ਨੇ ਨੀਲਮ-ਫਰਸ਼ ਤੇ ਰਾਤ ਨੂੰ ਜਗਦੇ,
ਦੁਖ ਹਰਦੇ ਦੁਖੀਆ ਰਗ ਰਗ ਦੇ ?
ਕੋਈ ਦਿਲ ਵਿਚ ਦਰਦ, ਕੋਈ ਪਰ ਯਾਦ ਜਗਾਏ !
ਹੁਣ ਕੋਈ ਆਏ !
ਨੀਲੇ ਨੀਲੇ ਪਾਣੀਆਂ ਦੇ ਡੂੰਘੇ ਡੂੰਘੇ ਸਾਏ !

ਝੀਲ ਕਿਨਾਰੇ ਹੁਣ ਕੋਈ ਆਏ !
ਝੀਲ ਮੇਰੀ ਵਿਚ ਕੰਵਲ ਨਾ ਤਰਦੇ,
ਡੁਬ ਡੁਬ ਮਰਦੇ।
ਝੀਲ ਮੇਰੀ ਦਾ ਅੰਤ ਨਾ ਆਏ.
ਦਿਲ ਗੁੰਮ ਜਾਏ।
ਸੁਰਮੇ ਰੰਗੀਆਂ ਮੌਜਾਂ ਅੰਦਰ
ਗ਼ਰਕ ਗਿਆ ਘਰ !

*Original with:*
Language Department Punjab
*Digitized by:*
Panjab Digital Library

ਗੈਬੀ ਹੱਥ ਮੁਹਾਣਾ ਕੋਈ ਆਨ ਤਰਾਏ,
ਹੁਣ ਕੋਈ ਆਏ !
ਸੂਰਜ ਦਾ ਜਿਸ ਦੀਪ ਬੁਝਾਇਆ,
ਉਸ ਦਾ ਸਾਇਆ,
ਆਣ ਕੇ ਮੇਰੀ ਜੋਤ ਜਗਾਏ,
ਹੁਣ ਕੋਈ ਆਏ !
ਝੀਲ ਕਿਨਾਰੇ ਹੁਣ ਕੋਈ ਆਏ !

*Original with:*
Language Department Punjab
*Digitized by:*
Panjab Digital Library

# ਨਰਗਸ

ਗੁੰਮ ਸੁੰਮ ਕਿਸ ਨੂੰ ਲੋਚੇਂ ਯਾਰ?
ਪੰਛੀ ਗੀਤ ਮਿਲਾਪ ਦੇ ਗਾਵਣ,
ਸਿੰਬਲ ਅਰਸ਼ 'ਚ ਉਡਣਾ ਚਾਹਵਣ;
ਬਾਗ਼ ਕਰੇ ਮਸਤੀ ਵਿਚ ਆ ਕੇ
ਸੀਨਾ ਤਾਰੋ ਤਾਰ,
ਪਰ ਤੂੰ ਕਿਸ ਨੂੰ ਲੋਚੇਂ ਯਾਰ?

ਕਿਸ ਸੋਹਣੀ ਨੇ ਦਿਲ ਨੂੰ ਮੋਹਿਆ?
ਕਿਸ ਦਾ ਅਨਹਦ ਦੇਖ ਕੇ ਜਲਵਾ,
ਕਿਸ ਆਸ਼ਾ ਵਿਚ ਗੁੰਮ ਤੂੰ ਹੋਇਆ?
ਅਜ਼ਲ ਤੋਂ ਐਸੀ ਅੱਖ ਲੜਾਈ,
ਯੁਗ-ਰਾਤਾਂ ਲੰਘੀਆਂ ਨਹੀਂ ਆਈ?
ਦੱਸ ਮੈਨੂੰ, ਕੁਝ ਕਰਾਂ ਮੈਂ, ਯਾਰਾ--
ਦਿਲ ਦਾ ਦਿਲ ਦਾਰੂ, ਦਿਲਦਾਰਾ।

*Original with:*
Language Department Punjab
*Digitized by:*
Panjab Digital Library

ਉਪਬਨ ਦੀ ਤੂੰ ਅੱਖ ਹੈਂ ਖ਼ਬਰੇ,
ਜਾਂ ਸੱਚ-ਖੰਡ ਦੀ ਦੱਖ ਹੈਂ ਖ਼ਬਰੇ!
ਹੇ! ਕੁਦਰਤ-ਅੰਬਰ ਦੇ ਤਾਰੇ,
ਕਰ ਸੀਨੇ ਦੇ ਜ਼ਾਹਰ ਨਜ਼ਾਰੇ;
ਪੁਸ਼ਪ-ਨਗਰ ਦੇ ਮਸਤ ਪ੍ਰਾਣੀ,
ਆਖ ਦੇ ਆਪਣੀ ਪਿਆਰ-ਕਹਾਣੀ;
ਮੋਨ ਖੜੇ ਉਮਰਾਂ ਦੇ ਪਾਂਧੀ,
ਕੀ ਹੈਂ ਅਸਲੇ-ਹੁਸਨ ਦਾ ਰਾਹੀ?
ਖੋਲ੍ਹ ਕੇ ਅੱਖਾਂ ਦੇਖ ਰਿਹਾ ਹੈਂ
ਕੀ ਪਾਰਾਂ ਤੋਂ ਪਾਰ?
ਗੁੰਮ ਸੁੰਮ ਕਿਸ ਨੂੰ ਲੋਚੇਂ, ਯਾਰ?

ਨਰਗਸ! ਤੇਰੀ ਅੱਖ ਮੈਂ ਚਾਹਵਾਂ!
ਜੇ ਮਿਲ ਜਾਏ 'ਉਸ' ਨੂੰ ਪਾਵਾਂ।



*Original with:*
Language Department Punjab
*Digitized by:*
Panjab Digital Library

# ਨਵਾਂ ਸਾਲ

ਆਖੇ ਆਉਂਦਾ ਜਾਂਦਾ ਸਾਲ:
ਰਾਹੀ, ਆਪਣੀ ਮੰਜ਼ਲ ਭਾਲ।

ਅਗਲੇ ਧੁੰਦ ਸਵੇਰੇ ਅੰਦਰ ਪਹੁੰਚੇ ਤੇਰਾ ਨੂਰ,
ਅਗਲੇ ਕਿਸੇ ਕਿਨਾਰੇ ਪਹੁੰਚੇ ਦਮ ਬੇੜੀ ਦਾ ਪੂਰ,
ਜੂਨ-ਸਤਾਰੇ ਦੇ ਵਿਚ ਚਮਕੇ ਆਸ ਨਵੀਂ ਦੀ ਜੋਤ,
ਬੇਸ਼ਕ ਨਾ ਤੁਰ ਚਮਕ-ਨਗਰ ਦੇ ਕਾਫਲਿਆਂ ਦੇ ਨਾਲ—
ਰਾਹੀ, ਆਪਣੀ ਮੰਜ਼ਲ ਭਾਲ।

ਰਾਹੀ, ਜੋਤ-ਕਰਮ ਦੀ ਲਾਟ

ਕਰੇ ਸੁਖਾਲੀ ਅਤ ਭਿਆਨਕ ਜਨਮ ਜਨਮ ਦੀ ਵਾਟ।
ਹੁਸਨ-ਅਗਨ ਵਿਚ ਸੁਧੇ ਜੁਆਨੀ ਅਗਲੇ ਦਿਨ ਦੀ ਲੋ;
ਰਾਤਾਂ ਦੇ ਪਰਛਾਵੇਂ ਢਾਲੇ ਇਸ਼ਕ-ਕਿਰਨ ਦੀ ਛੁਹ।
ਆਪਣਾ ਪਾਸਾ ਰੱਖ ਨਜ਼ਰ ਵਿਚ ਨਾ ਚੌਕਾਂ ਵਿਚ ਰੋ।
ਨਾ ਗਾ ਗੀਤ ਸਮੇਂ ਦੇ ਬੇਸ਼ਕ, ਨਾ ਤੁਰ ਇਸ ਦੀ ਚਾਲ;
ਉਲਟ ਕੇ ਰੱਖਣਾ ਏਸ ਸਮੇਂ ਨੂੰ ਹੈ ਇਕ ਕਾਰ ਵਿਸ਼ਾਲ—
ਰਾਹੀ, ਆਪਣੀ ਮੰਜ਼ਲ ਭਾਲ।



*Original with:*
Language Department Punjab
*Digitized by:*
Panjab Digital Library

ਪੂਰਬ ਦੇ ਦਰਿਆਵਾਂ ਅੰਦਰ ਹੈ ਇਕ ਰੂਹ ਦੀ ਲਹਿਰ,
ਇਸ ਧਾਰਾ ਵਿਚ ਰੁੜ੍ਹ ਸਕਦੇ ਹਨ ਕੁਲ ਦੁਨੀਆ ਦੇ ਵੈਰ।
ਕੀ ਆਰਾਮ ਕਰੇ ਕੋਈ ਪ੍ਰਾਣੀ, ਕੀ ਸਭਿੱਤਾ ਦੀ ਖ਼ੈਰ,
ਜੰਗਾਂ ਦੀ ਅਗਨੀ ਤੇ ਹੋਵਣ ਜਦ ਧਰਤੀ ਦੇ ਪੈਰ?
ਹਰ ਇਕ ਮਹਿਲ ਸਜਾਉਣਾ ਚਾਹੇ ਦੀਪ ਨਫ਼ੇ ਦੇ ਬਾਲ,
ਭੁਜਦੇ ਜਾਣ ਬਸੰਤ ਇਸੇ ਵਿਚ, ਸੜਦੇ ਜਾਣ ਸਿਆਲ!
ਨਿਕਲਣ ਵਾਲੇ ਫਲ ਦੀ ਸ਼ੀਰੀਂ ਕੀ ਸਮਝੇਗੀ ਡਾਲ?
ਇਹ ਫਲ ਸ਼ਾਇਦ ਏਸ ਸਮੇਂ ਦਾ ਬਣ ਕੇ ਨਿਕਲੇ ਕਾਲ!
ਜਿਸ ਮੰਜ਼ਲ ਤੇ ਹੱਲ ਨੇ ਸਾਰੇ ਦੁਨੀਆ-ਰੂਪ ਸੁਆਲ,
ਰਾਹੀ, ਉਸ ਮੰਜ਼ਲ ਨੂੰ ਭਾਲ—
ਆਤੇ ਆਉਂਦਾ ਜਾਂਦਾ ਸਾਲ।

*Original with:*
Language Department Punjab
*Digitized by:*
Panjab Digital Library

# ਅਧੂਰਾ ਸੁਪਨਾ

ਧਰਤੀ, ਇਕ ਅਨੋਖੀ ਧਰਤੀ !

ਚੰਦ ਸੂਰਜ ਦੀਆਂ ਰਿਸ਼ਮਾਂ ਨਾਲ,
ਸਾਉਣ ਦੀ ਅਰਸ਼ੀ ਪੀਂਘ ਨੂੰ ਗਾਲ,
ਚਾਂਦੀ ਤੇ ਸੋਨੇ ਨੂੰ ਢਾਲ,
ਲਖ ਸੁਪਨੇ ਦੀਆਂ ਕਾਨਾਂ ਫੋਲ,
ਮਿੱਠੀਆਂ ਮਿੱਠੀਆਂ ਪੀੜਾਂ ਘੋਲ,
ਰੂਹ-ਸਾਗਰ ਦੀ ਰੱਤੀ ਰੇਤ,
ਇਸ਼ਕ ਦੇ ਕਿਣਕੇ ਹੁਸਨ ਸਮੇਤ,
ਖ਼ਬਰੇ ਕੀ ਸ਼ੈ ਹੋਰ ਮਿਲਾਈ?
ਉਸ ਦੁਨੀਆ ਦੇ ਸਿਰਜਣਹਾਰ,
ਦੈਵੀ ਧਰਤੀ ਆਪ ਬਣਾਈ,
ਉਸ ਦੁਨੀਆ ਦੇ ਸਿਰਜਣਹਾਰ--
ਧਰਤੀ, ਇਕ ਅਨੋਖੀ ਧਰਤੀ !

*Original with:*
Language Department Punjab
*Digitized by:*
Panjab Digital Library

ਦਿਲ ਰੋਗੀ ਇਸ ਧਰਤੀ ਉੱਤੇ
ਪਹੁੰਚ ਗਿਆ ਇਕ ਦਿਨ ਗੁੰਮ ਹੋ ਕੇ,
ਬੰਸੀ ਆਪਣੀ ਖ਼ੂਬ ਵਜਾਂਦਾ,
ਅਜ਼ਲ ਦੀ ਮਸਤੀ ਆਪਾ ਗਾਂਦਾ
ਪਹਿਲੀ ਨੀਮ ਸੁਨਹਿਰੀ ਭੋਂ ਤੇ
ਤੁਰਦਾ ਜਾਂਦਾ ਪੰਛੀ ਗਾਏ;
ਦੋਵੇਂ ਵਕਤ ਮਿਲਣ ਦੇ ਵੇਲੇ
ਜਾਦੂਗਰ ਕੋਈ ਬੇੜੀ ਠੇਲ੍ਹੇ--
ਰਾਹ ਵਿਚ ਮੁਸ਼ਕੀ ਨਿੱਘੀਆਂ ਛਾਵਾਂ
ਵਾਂਗ ਸ਼ਰਾਬੀ ਲਿਘਦਾ ਜਾਵਾਂ।

ਸੁਣ ਸੁਣ ਕੇ ਬੰਸੀ ਦੀਆਂ ਤਾਨਾਂ
ਗਲ ਮੇਰੇ ਆ ਲੱਗਣ ਟਾਹਣਾਂ;
ਘਾਹ ਅੱਡੀਆਂ ਚੁਕ ਚੁਕ ਵੇਂਹਦੇ ਨੇ,
ਪੱਤੇ ਤਾਲ ਪਏ ਦੇਂਦੇ ਨੇ।
ਲਗਣ ਸੀਨੇ ਨਾਲ ਨਜ਼ਾਰੇ
ਦੇਖ ਕੇ ਮੈਨੂੰ ਹੱਸਣ ਸਾਰੇ।
ਜਦ ਕੋਈ ਆਪੇ ਦੇ ਵਿਚ ਆਏ,
ਹਿੱਕ ਅੰਦਰ ਬ੍ਰਹਿਮੰਡ ਨੂੰ ਪਾਏ।
ਇਜ਼ਤ ਅਪਣੀ ਸਿਰ ਤੇ ਚਾਹੇ,
ਸਭ ਕੁਝ ਪੈਰਾਂ ਵਿਚ ਆ ਜਾਏ।



*Original with:*
Language Department Punjab
*Digitized by:*
Panjab Digital Library

ਤੁਰਦਾ ਗਿਆ ਮੈਂ ਹੌਲੀ ਹੌਲੀ,
ਭਰਦਾ ਸਮੇਂ ਦੀ ਅੜਵੀਂ ਝੋਲੀ,
ਦੂਰ ਫ਼ਜ਼ਾ ਦੀ ਭੁਖ ਨੂੰ ਕਰਦਾ,
ਪੌਣ ਦੀ ਖ਼ਾਲੀ ਝੋਲੀ ਭਰਦਾ।

ਆਇਆ ਮੈਂ ਇਕ ਮਹਿਲ ਦੇ ਲਾਗੇ,
ਗ਼ੈਬ ਦੀ ਦੁਨੀਆ ਲਿਖਿਆ ਉਸ ਤੇ।
ਸ਼ਾਇਦ ਕਿਸੇ ਸੁਨਹਿਰੀ ਜਾਦੂ
ਸਾਇਆਂ ਨਾਲ ਬਣਾਇਆ ਇਸ ਨੂੰ
ਜਾਂ ਸੌ-ਰੰਗ-ਖ਼ਿਆਲ ਹੈ ਲਾਇਆ
ਜਾਂ ਪਰੀਆਂ ਦੇ ਪਰਾਂ ਦਾ ਸਾਇਆ।
ਇਕ ਬੁਰਜੋਂ ਇਸ ਦੇ ਬਲਿਹਾਰ,
ਲੰਕਾ ਦੇ ਲਖ ਸੂਰਨ-ਮੁਨਾਰ।
ਮਹਿਕ ਭਰੀ ਬੰਸੀ ਦੀ ਤਾਨ
ਹੋਇਆ ਸੁਣ ਕੇ ਮਹਿਲ ਹੈਰਾਨ।

ਬਾਰੀ ਚੋਂ ਝਾਕੀ ਮੁਟਿਆਰ,
ਦਿੱਤਾ ਰੂਹ ਤੇ ਨੂਰ ਖਿਲਾਰ!
ਅੰਬਰ ਦੇ ਜਾਂ ਪਿਘਲ ਕੇ ਤਾਰੇ
ਡੁਲ੍ਹ ਪਏ ਸਾਰੇ ਦੇ ਸਾਰੇ!

*Original with:*
Language Department Punjab
*Digitized by:*
Panjab Digital Library

ਕਾਲੇ ਮੇਘ ਚੋਂ ਸੰਦਲ ਵਰ੍ਹਿਆ,
ਜੀਵਨ-ਉਪਬਨ ਹੋ ਗਿਆ ਹਰਿਆ!
ਜੀਭ ਨਜ਼ਰ ਦੀ ਨਾਲ ਬੁਲਾ ਕੇ,
"ਬੰਸੀ", ਕਿਹਾ, "ਸੁਣਾ ਜਾ ਆ ਕੇ।"

ਜਿਵੇਂ ਸਖੀ ਅੰਤ ਪ੍ਰੇਮ 'ਚ ਆਏ,
ਕ੍ਰਿਸ਼ਨ ਨੂੰ ਅਪਣੇ ਮਹਿਲ ਬੁਲਾਏ।
ਪੂਰਨ ਵਾਂਗ ਨਹੀਂ ਮੈਂ ਡਰਿਆ,
ਬੇਪਰਵਾਹ ਮਹਿਲਾਂ ਵਿਚ ਵੜਿਆ।
ਜਦ ਮੈਂ ਅਪਣਾ ਪੈਰ ਵਧਾਇਆ,
ਉਪਰ ਨੂੰ ਜਦ ਜਾਣਾ ਚਾਹਿਆ,
ਮਿੱਠੀ ਮਿੱਠੀ ਨਿਮ੍ਹੀ ਸੁਰ ਵਿਚ
ਪੌੜੀ ਨੇ ਇਹ ਰਾਗ ਅਲਾਇਆ:

"ਚੰਗਾ ਹੈ ਉਪਰ ਵਲ ਜਾਣਾ
ਯਾਦ ਪਰ ਅਪਣਾ ਰਹੇ ਨਿਸ਼ਾਨਾ।
ਚੰਦਾਂ ਨਾਲ ਨਾ ਬਦਲੀਂ ਹੀਰਾ,
ਅਪਣੀ ਤਾਨ ਨਾ ਵੇਚੀਂ, ਵੀਰਾ!
ਵੇਖ ਕੇ ਹਾਸਾ ਭੁਲ੍ਹ ਨਾ ਜਾਵੀਂ,
ਰੋਣਾ ਅਪਣਾ ਭੁਲ ਨਾ ਜਾਵੀ,



*Original with:*
Language Department Punjab
*Digitized by:*
Panjab Digital Library

ਸਿਫ਼ਤ-ਪਵਨ ਦੇ ਨਾਲ, ਹੇ ਪਾਂਧੀ!
ਇਸ ਮਹਿਲ ਵਿਚ ਭੁਲ ਨਾ ਜਾਵੀਂ।"
ਮੈਂ ਚੜ੍ਹ ਗਿਆ ਹਜ਼ਾਰ ਕੁ ਪੌੜੀ,
ਹੱਦ ਨਾ ਆਈ, ਕੋਈ ਨਾ ਬਹੁੜੀ।

ਜਦ ਹੇਠਾਂ ਵਲ ਕਰਾਂ ਧਿਆਨ,
ਛੱਤਾਂ ਦੇ ਰੰਗ ਬਦਲੀ ਜਾਣ।
ਬੱਦਲ ਉਨਾਬੀ ਪੀਲੇ ਹੋਏ
ਰੰਗ ਗੁਲਾਬੀ ਨੀਲੇ ਹੋਏ...........

...... ...... ...... ...... ......

*Original with:*
Language Department Punjab
*Digitized by:*
Panjab Digital Library

# ਬਾਰਸ਼ ਵਾਸਤੇ

[ਲੋੜ੍ਹੀ ਨੂੰ]

ਨੈਣਾਂ ਦੇ ਵਿਚ ਸਬਜ਼ੇ ਲੈ ਕੇ,
ਲੈ ਕੇ ਕਲੀਆਂ, ਸ਼ਾਖਾਂ ਬੂਟੇ,
ਆਵਣ ਉਸ ਦੀਆਂ ਨੂਰੀ ਯਾਦਾਂ!
ਝਾਉਲੇ ਆਵਣ ਆਪ ਨਾ ਆਏ;
ਕਿਵੇਂ ਕੋਈ ਹੁਣ ਕੋਲ ਬੁਲਾਏ?
ਸੰਘ ਮਿਲੇ ਕਰ ਕਰ ਫ਼ਰਿਆਦਾਂ,
ਉਸ ਬਿਨ ਉਜੜੇ ਵਿਹੜੇ ਗਲੀਆਂ,
ਸੁੱਕੀਆਂ ਵੇਲਾਂ, ਟੁੱਟੀਆਂ ਫਲੀਆਂ,
ਉਸ ਬਿਨ ਤਰਸ ਰਹੀ ਹੈ ਦੁਨੀਆ!

ਅਪਣੀ ਜ਼ੁਲਫ਼-ਕੁੰਡਲ ਵਿਚ ਫਾਹ ਕੇ,
ਸੋਨੇ ਰੰਗੇ ਨਾਚ ਵਿਖਾ ਕੇ,
ਹੇ ਲੋੜ੍ਹੀ, ਤੂੰ ਉਸ ਨੂੰ ਲੈ ਆ।
ਆ ਧਰਤੀ ਦੀ ਤਪਸ਼ ਬੁਝਾਏ,
ਫ਼ਸਲਾਂ ਬਣ ਖੇਤਾਂ ਵਿਚ ਆਏ,
ਹਰ ਅੰਦਰ ਦੀ ਭੁੱਖ ਮਿਟਾਏ।
ਸੰਘ ਮਿਲੇ ਕਰ ਕਰ ਫ਼ਰਿਆਦਾਂ,
ਉਸ ਬਿਨ ਤਰਸ ਰਹੀ ਹੈ ਦੁਨੀਆ,
ਹੇ ਲੋੜ੍ਹੀ, ਤੂੰ ਉਸ ਨੂੰ ਲੈ ਆ।



*Original with:*
Language Department Punjab
*Digitized by:*
Panjab Digital Library

# ਰਾਜ-ਕੰਵਲ ਨੂੰ

ਸਈਏ ਨੀ, ਜੇ ਦੁਨੀਆ ਦਾ ਵੱਸ ਚੱਲੇ !

ਤੋੜ ਲਿਆਵੇ ਚੰਦ ਸੂਰਜ ਨੂੰ
ਤਾਰੇ ਲਾਹ ਲਵੇ ਥੱਲੇ---
ਸਈਏ ਨੀ, ਜੇ ਦੁਨੀਆ ਦਾ ਵੱਸ ਚੱਲੇ।

ਸਈਏ ਨੀ, ਜੇ ਲੋਕਾਂ ਦਾ ਵੱਸ ਚੱਲੇ,
ਅਰਸ਼ਾਂ ਦੀ ਇਜ਼ਤ ਨੂੰ ਲਾਵਣ
ਤੁਹਮਤ ਰੂਪ ਬੁਰਾਈ;
ਸ਼ੁਧ ਅੰਮ੍ਰਿਤ ਅਪਵਿਤ੍ਰ ਹੋਵੇ
ਐਸੀ ਕਰਨ ਸਫ਼ਾਈ;
ਨਰਕਾਂ ਦੀ ਖਾਈ ਵਿਚ ਪਾਵਣ
ਸਾਗਰ ਨੂੰ ਬੰਨ੍ਹ ਪੱਲੇ--
ਸਈਏ ਨੀ, ਜੇ ਲੋਕਾਂ ਦਾ ਵੱਸ ਚੱਲੇ।

*Original with:*
Language Department Punjab
*Digitized by:*
Panjab Digital Library

ਸਿੱਧੀਆਂ ਸਿੱਧੀਆਂ ਕਾਰਾਂ ਤਾਈਂ
ਆਖਣ, "ਕੰਮ ਅਵੱਲੇ";
ਮੋਰਾਂ ਦੇ ਨਾਚਾਂ ਨੂੰ ਆਖਣ,
"ਕੀ ਕਰਦੇ ਹਨ ਝੱਲੇ?"
ਕੋਇਲ ਦੇ ਸੁਰ-ਸ੍ਵਰਗ ਨੂੰ ਕੋਈ
ਨਫ਼ਰਤ ਨਾਲ ਉਥੱਲੇ।
ਪੀਣ ਨਾ ਦੇਵਣ ਭਰ ਕੇ ਕੋਈ
ਸੱਧਰ-ਆਸ-ਪਿਆਲੀ;
ਜਲ-ਪਰੀਆਂ ਤੇ ਇੰਦਰ-ਪੁਰੀ ਨੂੰ
ਰਹਿਣ ਨਾ ਦੇਣ ਸੁਖੱਲੇ;
ਸਈਏ ਨੀ, ਜੇ ਲੋਕਾਂ ਦਾ ਵੱਸ ਚੱਲੇ।

ਨਾ ਤੱਕ ਤੂੰ ਲੋਕਾਂ ਦੇ ਸ਼ੀਸ਼ੇ
ਸ਼ਕਲ ਵਿਗਾੜਨ ਵਾਲੇ,
ਨਾ ਤੂੰ ਪੀ ਦੁਨੀਆ ਦੇ ਤਾਨ੍ਹੇ
ਸੀਨਾ-ਗਾਲ ਪਿਆਲੇ;
ਅਪਣੇ ਦਿਲ ਅਪਣੀ ਮਰਜ਼ੀ ਨੂੰ
ਇਹ ਬਦਲੇ ਲਖਵਾਰੀ,
ਕੀ ਦੁਨੀਆ? ਕੀ ਇਸ ਦਾ ਰੌਲਾ?
ਕੀ ਡਰਨਾ ਹੈ, ਪਿਆਰੀ?

*Original with:*
Language Department Punjab
*Digitized by:*
Panjab Digital Library

ਕਿਉਂ ਨਾ ਕਰੀਏ ਦਿਲ ਹੀ ਐਸਾ
ਦੁਖ-ਦਰਿਆ ਜੋ ਠੱਲ੍ਹੇ ?
ਆਪਣਾ ਅਰਸ਼ ਵਸਾ ਸਕਦੇ ਹਾਂ
ਇਸ ਦੁਨੀਆ ਵਿਚ 'ਕੱਲੇ;
ਨਾ ਕਰ ਤੂੰ ਪਰਵਾਹ ਲੋਕਾਂ ਦੀ;
ਇਹ ਆਖਣ, ਰੱਬ ਝੱਲੇ।
ਕੀ ਪਰਵਾਹ ਬੇਦਰਦ ਮਨਾਂ ਦੀ,
ਪੂਰੇ ਹਨ ਕਿਸ ਗੱਲੇ ?
ਨਿਰਮਲ ਸ਼ਕਤੀ ਵਿਚ ਜਾ ਝਾੜਨ
ਬਦਨਾਮੀ ਦੇ ਪੱਲੇ;
ਸਈਏ ਨੀ, ਜੇ ਲੋਕਾਂ ਦਾ ਵਸ ਚੱਲੇ !
ਸਈਏ ਨੀ, ਜੇ ਦੁਨੀਆ ਦਾ ਵਸ ਚੱਲੇ।

*Original with:*
Language Department Punjab
*Digitized by:*
Panjab Digital Library

# ਅੰਗ੍ਰੇਜ਼ੀ ਸਾਜ਼

ਵੱਜਦਾ ਏ ਸਾਜ਼ ਪਿਆ,
ਖੁਲ੍ਹਦਾ ਜਾਂਦਾ ਏ ਅੰਦਰ ਦਾ ਰਾਜ਼ ਪਿਆ!

ਦਿਲ ਆਖੇ, "ਕਹਿ ਦੇ ਇਕ ਵਾਰ ਹੀ ਸਾਰੇ ਭੇਦ।"
ਮੂੰਹ ਤਕ ਆਉਂਦੇ ਹੀ ਖੁੰਝ ਜਾਂਦੇ ਨੇ ਕਿਧਰੇ ਹੋਰ!
ਅੰਦਰ ਜੋਤ ਜਗੇ ਨਾ ਸੇਕ, ਨਾ ਬਾਹਰ ਲੋ।
"ਮਨ ਦੀ ਗਹਿਰਾਈ ਦੇ ਲੁਕਵੇਂ ਲੁਕਵੇਂ ਘੋਲ",
ਸਾਜ਼ਾਂ ਚੋਂ ਕੋਈ ਆਖੇ, "ਖੋਲ੍ਹ ਸਕੇਂ ਤਾਂ ਖੋਲ੍ਹ।"
    ਕੁਝ ਮੈਂ ਕਹਿ ਵੀ ਦਿਆਂ ਪਰ ਮਤਲਬ ਕਢਦੇ ਨੇ ਹੋਰ;
    ਜੁਗਨੂੰ, ਪਰਵਾਨੇ ਉਡ ਜਾਂਦੇ ਨੇ ਮੇਰੇ ਬੋਲ।
    ਪੂਰਬ ਵਾਂਗੂ ਹੀ ਪੂਰਨ ਪੱਛਮ ਦਾ ਸਾਜ਼——
        ਵੱਜਦਾ ਸਾਜ਼ ਪਿਆ,
    ਖੁਲ੍ਹਦਾ ਜਾਂਦਾ ਏ ਅੰਦਰ ਦਾ ਰਾਜ਼ ਪਿਆ!

ਅੱਤ ਨੀਵੀਂ, ਅੱਤ ਉਚੀ ਸੁਰ ਦੀ ਪੀਂਘ ਅਲੋਪ,
ਜਿਸ ਦੀ ਝੂਲਦੀਆਂ ਲਹਿਰਾਂ ਚੋਂ ਜਗੇ ਨੂਰ;
ਬਣ ਜਾਂਦਾ ਏ ਹੂਰ,
ਮੁੜਦੇ ਅੰਗ, ਖਿਸਕਦੇ ਬਸਤ੍ਰ, ਰੂਪ ਅਨੂਪ!
    ਵਸਦਾ ਜਾਂਦਾ ਏ ਕੋਈ ਫੁਲ-ਪੱਤੀਆਂ ਦਾ ਸ਼ਹਿਰ;

*Original with:*
Language Department Punjab
*Digitized by:*
Panjab Digital Library

ਹੰਝੂ ਬਾਹਰ ਵਗਣ, ਅੰਦਰ ਖ਼ੁਸ਼ੀਆਂ ਦੀ ਲਹਿਰ।
ਜੋਬਨ ਦਾ ਦੀਵਾ ਚਾਹੇ ਹੰਝੂਆਂ ਦਾ ਤੇਲ,
ਜੀਵਨ ਹੈ ਸ਼ਾਇਦ ਬਸ ਜਗਣ ਬੁਝਣ ਦਾ ਮੇਲ——
ਵੱਜਦਾ ਸਾਜ਼ ਪਿਆ,
ਖੁਲ੍ਹਦਾ ਜਾਂਦਾ ਏ ਅੰਦਰ ਦਾ ਰਾਜ਼ ਪਿਆ !

ਵੱਜਦਾ ਏ ਸਾਜ਼ ਮਹਾਨ,
ਰੋਸ਼ਨੀਆਂ ਪੀ ਕੇ ਮੇਰੇ ਤਾਰੇ ਡੁਲ੍ਹਦੇ ਜਾਣ !
ਤਾਰਾਂ ਵਾਂਗ ਸਖ਼ਤ ਪਰ ਦੇਵਾਂਗਾ ਦਰਦੀ ਗੀਤ;
ਵਾਯੂ ਦੀ ਸਰਗਮ ਤੇ ਗਾਵਾਂਗਾਂ ਸਾਂਝੀ ਪ੍ਰੀਤ।
ਪੱਛਮ-ਪੂਰਬ ਦਾ ਹੈ ਕੋਮਲ ਹੁਨਰ ਸਮਾਨ;
ਏਸੇ ਦੀ ਸ਼ਕਤੀ ਤੋਂ ਇਕ ਦਿਨ ਵਿਚ ਜਹਾਨ
ਹੋਸਨ ਸਭ ਇਨਸਾਨ।

ਦਰਦੀ ਵੀਰ ਪਿਆਰੇ ਇਕ ਦੂਜੇ ਦੀ ਜਾਨ,
ਸਭ ਦਾ ਹੱਥ ਮਿਲਾਏ ਇਹ ਸ਼ਕਤੀ ਆਰੂਪ।
ਬੇੜੀ ਹੁਨਰ ਕਰੇਗੀ ਦੁਖ-ਸਾਗਰ ਤੋਂ ਪਾਰ।
"ਇਕੋ ਰੂਪ ਨੇ ਸਭ ਦੁਨੀਆ ਦੇ ਜਜ਼ਬੇ ਸੁਹਲ",
ਸਾਜ਼ਾਂ ਚੋਂ ਕੋਈ ਆਖੇ, "ਬੋਲ ਸਕੇਂ ਤਾਂ ਬੋਲ।"
ਵੱਜਦਾ ਏ ਸਾਜ਼ ਪਿਆ,
ਖੁਲ੍ਹਦਾ ਜਾਂਦਾ ਏ ਜੀਵਨ ਦਾ ਰਾਜ਼ ਪਿਆ।



*Original with:*
Language Department Punjab
*Digitized by:*
Panjab Digital Library

# ਗੀਤ ਨਾ ਗਾਏ

ਜੋ ਗਾਣੇ ਸਨ ਗੀਤ ਨਾ ਗਾਏ!
ਯਾਦ ਤੇਰੀ ਵਿਚ ਨੀਂਦ ਤਾਂ ਆਈ
ਜੋ ਆਉਣੇ ਸਨ ਸੁਪਨ ਨਾ ਆਏ--
ਜੋ ਗਾਣੇ ਸਨ ਗੀਤ ਨਾ ਗਾਏ!

ਦੂਰ ਮੇਰੀ ਮੰਜ਼ਲ ਦਾ ਦੀਵਾ
ਕਿਸ ਪੱਲੇ ਨੇ ਆਣ ਬੁਝਾਇਆ?
ਪੈ ਗਏ ਪਰਦੇ, ਲੁਕ ਗਏ ਰਸਤੇ,
ਆਸ-ਨਗਰ ਦੇ ਡੁਬ ਗਏ ਤਾਰੇ;
ਗੀਤ ਬੇਹੋਸ਼ ਹਲਕ ਵਿਚ ਹੋਏ
ਜੋ ਸਨ ਆਮ ਖ਼ਲਕ ਵਿਚ ਹੋਏ;
ਇਸ ਧੁੱਪ-ਛਾਂ ਦਾ ਅੰਤ ਨਾ ਆਏ!
ਜੋ ਗਾਣੇ ਸਨ ਗੀਤ ਨਾ ਗਾਏ!

ਤੁਰਿਆ ਵਿਖਮ ਹਨੇਰਾਂ ਅੰਦਰ,
ਲੱਖ ਸਮਿਆਂ ਦੇ ਫੇਰਾਂ ਅੰਦਰ;
ਰਾਹ ਵਿਚ ਕੁਝ ਭੁੱਲਿਆ, ਕੁਝ ਗਾਇਆ,
ਸੁਰ ਮੇਰੀ ਲਖ ਰੂਪ ਵਟਾਏ;
ਦਿਲ-ਜੋਤੀ ਆਖੇ ਪਰ, ਹਾਏ!
ਜੋ ਗਾਣੇ ਸਨ ਗੀਤ ਨਾ ਗਾਏ!



*Original with:*
Language Department Punjab
*Digitized by:*
Panjab Digital Library

# ਬੰਦਰਗਾਹ

[ਬਾਵਾ ਬਲਵੰਤ]

ਇਹ ਬਾਵਾ ਜੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਨਵੀਨ ਸੰਗ੍ਰਹਿ ਹੈ। ਇਹ ਉਹ ਸੰਗ੍ਰਹਿ ਹੈ ਜਿਸ ਤੇ ਇਕ ਦਿਨ ਏਸ਼ੀਆ ਨਾਜ਼ ਕਰੇਗਾ ਤੇ ਜਿਸ ਦਾ ਯੋਰਪ ਮਾਣ ਕਰੇਗਾ। ਇਕ ਦਿਨ ਹਿਰਦੇ ਦੀ ਉੱਚ ਭਾਵਨਾ ਨਾਲ ਬਣਾਈ ਗਈ ਇਸ ਬੰਦਰਗਾਹ ਤੋਂ ਇਨਸਾਨ ਦਾ ਜਹਾਜ਼ ਪੂਰਨਤਾ ਵਲ ਜਾਂਦਾ ਨਜ਼ਰ ਆਵੇਗਾ। ਇਨ੍ਹਾਂ ਕਵਿਤਾਵਾਂ ਦੇ ਵਿਚਾਰ, ਕਲਪਨਾ ਤੇ ਰਾਗ ਵਿਚ ਤੁਸੀਂ ਸਾਗਰਾਂ ਦੀ ਡੂੰਘਾਈ, ਅਰਸ਼ਾਂ ਦੀ ਵਿਸ਼ਾਲਤਾ ਤੇ ਹਵਾ ਦੀ ਸਹਿਜ ਰਵਾਨੀ ਮਹਿਸੂਸ ਕਰੋਗੇ। ਇਨ੍ਹਾਂ ਵਿਚੋਂ ਦਿਲ ਦੀਆਂ ਗੁਝੀਆਂ ਪੀੜਾਂ ਤੇ ਆਤਮਾ ਵਿਚ ਹੋ ਰਹੇ ਗੁਝੇ ਘੋਲ ਤੁਹਾਡੀਆਂ ਅੱਖਾਂ ਅਗੇ ਸਾਕਾਰ ਹੋਣਗੇ, ਤੇ ਇਨ੍ਹਾਂ ਵਿਚੋਂ ਹੀ ਹਰ ਇਕ ਨੂੰ ਆਪਣੇ ਅੰਦਰ ਦਾ ਅਸਲੀ ਸਰੂਪ ਨਜ਼ਰ ਆਵੇਗਾ। ਇਨ੍ਹਾਂ ਗੀਤਾਂ ਵਿਚੋਂ ਮਾਨਵਤਾ ਦੀਆਂ ਮੁਸ਼ਕਲਾਂ ਦਾ ਹੱਲ ਲੱਭੇਗਾ ਤੇ ਹਰ ਹਿਰਦਾ ਅਮਨ ਦਾ ਪੈਗ਼ਾਮ ਸੁਣ ਸਕੇਗਾ। ਸੱਤ, ਸ਼ਿਵ ਤੇ ਸੁੰਦਰਤਾ ਦੀ ਅਮਰ ਨੀਂਹ ਉਤੇ ਉਸਰੀ ਇਹ ਕਵਿਤਾ ਹਰ ਕੌਮ ਤੇ ਹਰ ਹਿਰਦੇ ਦੀ ਸਾਂਝੀ ਹੋਵੇਗੀ। ਹਰ ਨਜ਼ਮ ਵਿਚੋਂ ਕੋਈ ਗੂੜ੍ਹਾ ਫ਼ਲਸਫ਼ਾ, ਕੋਈ ਅਟੱਲ ਹਕੀਕਤ ਤੇ ਕੋਈ ਅਨੰਤ ਨੂਰ ਉਜਾਗਰ ਹੋਵੇਗਾ। ਸੰਸਾਰ ਵਿਚ ਪ੍ਰਵਾਹਿਤ ਸਾਂਝੀ ਆਤਮਾ ਦੇ ਲੁਕਵੇਂ ਭੇਤ ਤੁਸੀਂ ਇਨ੍ਹਾਂ ਵਿਚੋਂ ਪ੍ਰਤੱਖ ਦੇਖ ਸਕੋਗੇ, ਸੁਣ ਸਕੋਗੇ ਤੇ ਪ੍ਰਤੀਤ ਕਰ ਸਕੋਗੇ। ਇਹ ਪੁਸਤਕ ਪੂਰਨ ਕਲਾਕਾਰੀ ਦਾ ਅਨੂਠਾ ਨਮੂਨਾ ਹੋਵੇਗੀ ਤੇ ਪੰਜਾਬੀ ਕਵਿਤਾ ਨੂੰ ਸੰਸਾਰ ਦੀਆਂ ਸਰਬੋਨਤ ਬੋਲੀਆਂ ਦੇ ਮੁਕਾਬਲੇ ਖੜਾ ਕਰ ਦੇਵੇਗੀ।

ਜਗਤ-ਪ੍ਰਸਿਧ ਮਹਾਨ ਚਿਤ੍ਰਕਾਰ ਚੁਗ਼ਤਾਈ ਸਾਹਿਬ ਜੀ ਤੋਂ ਛੁਟ ਇਸ ਪੁਸਤਕ ਦੀ ਸਜਾਵਟ ਵਿਚ ਪੰਜਾਬ ਦੇ ਹੋਣਹਾਰ ਚਿਤ੍ਰਕਾਰ ਈਸ਼੍ਰ ਤੇ ਕਰਤਾਰ ਵੀ ਹਿੱਸਾ ਲੈਣਗੇ। ਕਵੀ ਦਾ ਆਪਣਾ ਚਿਤ੍ਰ ਵੀ ਇਸ ਪੁਸਤਕ ਵਿਚ ਦਿੱਤਾ ਜਾਵੇਗਾ।

Original with:
Language Department Punjab
Digitized by:
Panjab Digital Library